# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੨: ਸ਼ਫ਼ਾਫ਼ ਖ਼ਿਆਲ (ਨਿਰਮਲ ਸੋਚ)

ਸ਼ਫ਼ਾਫ਼ ਖ਼ਿਆਲ, ਨਿਰਮਲ ਸੋਚ, ਬੇਬਾਕ ਰਹਿਮਦਿਲ ਦੀ ਜੋਬਨਵੰਤੀ ਉਮਰ ਜਿਸ ਨੇ ਅਨੇਕਤਾ ਵਿੱਚ ਏਕਤਾ ਦੇ ਸਬਕ ਨੂੰ ਸਾਫ਼ਗੋਈ ਨਾਲ ਬੁਲੰਦ ਕੀਤਾ। ਸ਼ਫ਼ਾਫ਼ ਖ਼ਿਆਲ ਭਾਈ ਮਰਦਾਨਾ ਦੀ ਵਿਰਾਸਤ ਦੀ ਥਾਹ ਪਾਉਂਦਾ ਹੈ ਜੋ ਤਾਉਮਰ ਗੁਰੂ ਨਾਨਕ ਦੇ ਸੰਗੀ ਰਹੇ।

ਨਾਨਕ ਉਤਮੁ ਨੀਚੁ ਨ ਕੋਇ॥
(ਜਪੁ, ਗੁਰੂ ਨਾਨਕ)

ਨਾਨਕ ਨੇ ਫਰਮਾਇਆ ਕਿ ਕੋਈ ਮਨੁੱਖ ਉੱਚਾ ਜਾਂ ਨੀਵਾਂ ਨਹੀਂ ਹੁੰਦਾ।
(ਜਪੁ, ਗੁਰੂ ਨਾਨਕ)

ਗੁਰੂ ਨਾਨਕ ਨੇ ਦ੍ਰਿੜਾਇਆ ਕਿ 'ਸਭ ਜੀਅ ਬਰਾਬਰ ਹਨ।'

ਗੁਰੂ ਨਾਨਕ ਦੀ ਭੈਣ ਬੇਬੇ ਨਾਨਕੀ ਦਾ ਵਿਆਹ ਜੈ ਰਾਮ ਨਾਲ ਹੋਇਆ ਸੀ। ਉਹ ਕਾਲੀ ਵੇਈਂ ਦੇ ਕੰਢੇ ਸੁਲਤਾਨਪੁਰ ਲੋਧੀ ਵਿੱਚ ਵਸਦੇ ਸਨ। ਇਸ ਸ਼ਹਿਰ ਦੀ ਗੁਰੂ ਨਾਨਕ ਦੀ ਜ਼ਿੰਦਗੀ ਦੇ ਹਵਾਲੇ ਨਾਲ ਇਤਿਹਾਸਕ ਅਹਿਮੀਅਤ ਹੈ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਾਰਨ ਇੰਡੀਆ-ਪਾਕਿਸਤਾਨ ਦੀ ਸਰਹੱਦ ਨੂੰ ਸਿਰਫ਼ ਨਾਮਜਦ ਨਾਕਿਆਂ ਤੋਂ ਹੀ ਪਾਰ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੀ ਬਾਲਗ਼ ਜ਼ਿੰਦਗੀ ਦੀ ਬਣਤਰ ਦੀਆਂ ਬਾਰੀਕੀਆਂ ਸਮਝਣ ਲਈ ਅਸੀਂ ਵਾਹਗਾ ਨਾਕੇ ਤੋਂ ਇੰਡੀਆ ਦੇ ਸ਼ਹਿਰ ਸੁਲਤਾਨਪੁਰ ਲੋਧੀ ਜਾ ਰਹੇ ਹਾਂ।

ਗੁਰੂ ਨਾਨਕ ਦੇ ਜੀਵਨ ਕਾਲ ਵਿੱਚ ਸੁਲਤਾਨਪੁਰ ਲੋਧੀ ਦਾ ਹੁਕਮਰਾਨ ਦੌਲਤ ਖ਼ਾਨ ਸੀ ਜੋ ਲੋਧੀ ਸਲਤਨਤ ਦਾ ਹਾਕਮ ਸੀ। ਉਸ ਵੇਲੇ ਹਿੰਦੂ ਅਤੇ ਮੁਸਲਮਾਨ ਬਰਾਦਰੀਆਂ ਇਸ ਸ਼ਹਿਰ ਦੇ ਸਮਾਜਿਕ ਤਾਣੇ ਦੇ ਅਨਿੱਖੜਵੇਂ ਅੰਗ ਸਨ।

ਗੁਰੂ ਨਾਨਕ ਦੀ ਦੁਨੀਆਦਾਰੀ ਵਿੱਚ ਬੇਲਾਗਤਾ ਕਾਰਨ ਪਰੇਸ਼ਾਨ ਬੇਬੇ ਨਾਨਕੀ ਅਤੇ ਜੈ ਰਾਮ ਨੇ ਉਨ੍ਹਾਂ ਨੂੰ ਸੁਲਤਾਨਪੁਰ ਲੋਧੀ ਲਿਆਉਣ ਬਾਰੇ ਵਿਚਾਰ ਕੀਤਾ। ਉਨ੍ਹਾਂ ਨੂੰ ਆਸ ਸੀ ਕਿ ਥਾਂ ਦੀ ਬਦਲੀ ਨਾਲ ਗੁਰੂ ਨਾਨਕ ਦਾ ਮਨ ਬਦਲੇਗਾ। ਮਾਪਿਆਂ ਨੇ ਤਜਵੀਜ਼ ਦੀ ਹਾਮੀ ਭਰ ਦਿੱਤੀ।

ਅਸੀਂ ਸੁਲਤਾਨਪੁਰ ਲੋਧੀ ਵਿੱਚ ਉਸ ਥਾਂ ਜਾ ਰਹੇ ਹਾਂ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਬੇਬੇ ਨਾਨਕੀ ਅਤੇ ਜੈ ਰਾਮ ਦੀ ਰਿਹਾਇਸ਼ ਸੀ।

ਜੈ ਰਾਮ ਸੁਲਤਾਨਪੁਰ ਲੋਧੀ ਦੇ ਮੋਦੀਖ਼ਾਨੇ ਵਿੱਚ ਅਫ਼ਸਰ ਵਜੋਂ ਮੁਲਾਜ਼ਮਤ ਕਰਦੇ ਸਨ। ਜੈ ਰਾਮ ਨੇ ਮੋਦੀਖ਼ਾਨੇ ਵਿੱਚ ਮੁਲਾਜ਼ਮਤ ਲਈ ਗੁਰੂ ਨਾਨਕ ਦੀ ਅਰਜ਼ੀ ਪਾ ਦਿੱਤੀ।

ਦੌਲਤ ਖ਼ਾਨ ਨੇ ਗੁਰੂ ਨਾਨਕ ਨੂੰ ਮੋਦੀ ਵਜੋਂ ਤਾਇਨਾਤ ਕਰ ਦਿੱਤਾ। ਇਸ ਅਹਿਮ ਅਹੁਦੇ ਦੀ ਜ਼ਿੰਮੇਵਾਰੀ ਸਰਕਾਰੀ ਮਾਲ-ਗੋਦਾਮ ਦੀ ਨਿਗਰਾਨੀ ਅਤੇ ਰੋਜ਼ਾਨਾ ਹਿਸਾਬ-ਕਿਤਾਬ ਦੇ ਵਹੀ-ਖਾਤੇ ਭਰਨਾ ਸੀ। ਸੁਲਤਾਨਪੁਰ ਲੋਧੀ ਦੀ ਮੁਲਾਜ਼ਮਤ ਨਾਲ ਗੁਰੂ ਨਾਨਕ ਦੀ ਜ਼ਿੰਦਗੀ ਪੈਰਾਂ ਸਿਰ ਹੋਈ ਤਾਂ ਉਹ ਤਲਵੰਡੀ ਤੋਂ ਮਾਤਾ ਸੁਲੱਖਣੀ ਨੂੰ ਲੈ ਆਏ ਅਤੇ ਆਪਣਾ ਘਰ ਵਸਾ ਲਿਆ।

ਅਸੀਂ ਸੁਲਤਾਨਪੁਰ ਲੋਧੀ ਵਿੱਚ ਉਸ ਥਾਂ ਜਾ ਰਹੇ ਹਾਂ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਇਥੇ ਗੁਰੂ ਨਾਨਕ ਅਤੇ ਮਾਤਾ ਸੁਲੱਖਣੀ ਦਾ ਘਰ ਹੁੰਦਾ ਸੀ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਇੱਥੇ ਗ੍ਰਹਿਸਤ ਜੀਵਨ ਬਿਤਾਇਆ। ਸੁਲਤਾਨਪੁਰ ਲੋਧੀ ਵਿੱਚ ਗੁਰੂ ਨਾਨਕ ਦੀ ਰਿਹਾਇਸ਼ ਦੀ ਯਾਦ ਵਿੱਚ ਗੁਰਦਵਾਰਾ ਗੁਰੂ ਕਾ ਬਾਗ ਸੁਸ਼ੋਭਿਤ ਹੈ।

ਜਲਦੀ ਹੀ ਉਨ੍ਹਾਂ ਨੂੰ ਦੋ ਪੁੱਤਰਾਂ, ਸ਼੍ਰੀ ਚੰਦ ਅਤੇ ਲਖਮੀ ਚੰਦ ਦੀ ਬਖ਼ਸ਼ਿਸ਼ ਹੋਈ।ਉਨ੍ਹਾਂ ਦੇ ਤਿਆਗੀ ਸੁਭਾਅ ਵਾਲੇ ਜੇਠੇ ਪੁੱਤਰ ਸ਼੍ਰੀ ਚੰਦ ਉਦਾਸੀ ਸੰਪਰਦਾਇ ਦੇ ਬਾਨੀ ਬਣੇ, ਜਿਨਾਂ ਨੇ ਗੁਰੂ ਨਾਨਕ ਦੇ ਆਲਮੀ ਸੁਨੇਹੇ ਨੂੰ ਦੂਰ-ਦੁਰਾਡੇ ਤੱਕ ਪਹੁੰਚਾਉਣ ਦਾ ਕੰਮ ਕੀਤਾ। ਸ਼੍ਰੀ ਚੰਦ ਦੇ ਅਕਾਲ ਚਲਾਣੇ ਤੋਂ ਬਾਅਦ ਉਦਾਸੀ ਸੰਪਰਦਾਇ ਦੀ ਗੱਦੀ ਛੇਵੇਂ ਗੁਰੂ, ਗੁਰੂ ਹਰਗੋਬਿੰਦ ਦੇ ਜੇਠੇ ਪੁੱਤਰ ਬਾਬਾ ਗੁਰਦਿੱਤਾ ਨੂੰ ਮਿਲੀ। ਗੁਰੂ ਨਾਨਕ ਦੇ ਦੂਜੇ ਪੁੱਤਰ ਲਖਮੀ ਚੰਦ ਨੇ ਗ੍ਰਹਿਸਤ ਜੀਵਨ ਦਾ ਰਾਹ ਚੁਣਿਆ।

ਇੱਥੋਂ ਕੁਝ ਦੂਰੀ ਉੱਤੇ ਗੁਰਦਵਾਰਾ ਹੱਟ ਸਾਹਿਬ ਹੈ ਜੋ ਮੋਦੀਖ਼ਾਨੇ ਵਾਲੀ ਥਾਂ ਉੱਤੇ ਉਸਾਰਿਆ ਗਿਆ ਹੈ।

ਮੋਦੀਖ਼ਾਨੇ ਦੀ ਮੁਲਾਜ਼ਮਤ ਦੌਰਾਨ ਗੁਰੂ ਨਾਨਕ ਦਾ ਵਾਹ ਸਮਾਜਿਕ ਜ਼ਿੰਦਗੀ ਵਿੱਚ ਪਸਰੇ ਭ੍ਰਿਸ਼ਟਾਚਾਰ ਨਾਲ ਪਿਆ। ਭ੍ਰਿਸ਼ਟਾਚਾਰ ਸਮਾਜਿਕ ਨਿਜ਼ਾਮ ਦੀਆਂ ਜੜ੍ਹਾਂ ਵਿੱਚ ਵਸਿਆ ਸੀ। ਆਪਣੇ ਹਿੱਤਾਂ ਦੀ ਪੂਰਤੀ ਲਈ ਅਮੀਰ ਸਰਕਾਰ-ਦਰਬਾਰ ਨੂੰ ਰਿਸ਼ਵਤ ਦਿੰਦੇ ਸਨ। ਇਨ੍ਹਾਂ ਹਾਲਾਤ ਦਾ ਲਾਹਾ ਲੈਣ ਲਈ ਸਰਕਾਰੀ ਅਮਲਾ ਆਪਣੀ ਤਾਕਤ ਦੀ ਦੁਰਵਰਤੋਂ ਕਰਦਾ ਸੀ ਅਤੇ ਦੁਸ਼ਵਾਰੀਆਂ ਨਿਤਾਣੇ ਤਬਕੇ ਦੇ ਹਿੱਸੇ ਆਉਂਦੀਆਂ ਸਨ। ਇਮਾਨਦਾਰੀ ਨੂੰ ਪ੍ਰਣਾਏ ਗੁਰੂ ਨਾਨਕ ਆਪਣਾ ਕੰਮ ਸੰਜੀਦਗੀ ਨਾਲ ਕਰਦੇ ਸਨ, ਵਹੀ-ਖਾਤਾ ਸਹੀ ਰਖਦੇ ਸਨ ਅਤੇ ਪੂਰਾ ਤੋਲਦੇ ਸਨ। ਨਿਮਾਣੇ ਜੀਆਂ ਨੂੰ ਉਹ ਅਨਾਜ ਵਧ ਵਰਤਾਉਂਦੇ ਸਨ। ਦਿਨਾਂ ਵਿੱਚ ਹੀ ਉਨ੍ਹਾਂ ਦਾ ਨਾਮ ਚਾਰੇ-ਪਾਸੇ ਰੌਸ਼ਨ ਹੋ ਗਿਆ। ਨਿਮਾਣੇ ਲੋਕ ਉਨ੍ਹਾਂ ਨਾਲ ਖ਼ੁਸ਼ ਸਨ। ਉਹ ਮਿਹਨਤੀ, ਇਤਬਾਰਯੋਗ, ਇਮਾਨਦਾਰ ਅਤੇ ਦਰਦਮੰਦ ਅਫ਼ਸਰ ਵਜੋਂ ਮਸ਼ਹੂਰ ਹੋ ਗਏ। ਉਨ੍ਹਾਂ ਦੀ ਮਕਬੂਲੀਅਤ ਤੋਂ ਖਾਰ ਖਾਣ ਵਾਲੇ ਇੱਕ ਮੁਲਾਜ਼ਮ ਨੇ ਨਵਾਬ ਕੋਲ ਸ਼ਿਕਾਇਤ ਕਰ ਦਿੱਤੀ ਕਿ ਗੁਰੂ ਨਾਨਕ ਗ਼ੈਰ-ਜ਼ਿੰਮੇਵਾਰ ਅਫ਼ਸਰ ਵਜੋਂ ਸਰਕਾਰੀ ਖ਼ਜ਼ਾਨਾ ਉਡਾ ਰਿਹਾ ਹੈ। ਨਵਾਬ ਦੌਲਤ ਖ਼ਾਨ ਲੋਧੀ ਨੇ ਖ਼ਾਤੇ ਅਤੇ ਮਾਲ ਦਾ ਹਿਸਾਬ ਮਿਲਾਉਣ ਦਾ ਹੁਕਮ ਕਰ ਦਿੱਤਾ। ਪੜਤਾਲ ਤੋਂ ਬਾਅਦ ਖ਼ਾਤਾ ਸਹੀ ਪਾਇਆ ਗਿਆ ਅਤੇ ਮਾਲਖ਼ਾਨੇ ਵਿੱਚ ਅਨਾਜ

ਵਾਧੂ ਪਾਇਆ ਗਿਆ ਜੋ ਗੁਰੂ ਨਾਨਕ ਦੇ ਵਿਵਹਾਰ ਨੂੰ ਦੇਖਦੇ ਹੋਏ ਦਾਨੀ ਸ਼ਹਿਰੀਆਂ ਨੇ ਲੋੜਵੰਦਾਂ ਵਿੱਚ ਵਰਤਾਉਣ ਲਈ ਦਾਨ ਕੀਤਾ ਸੀ।

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
(ਰਾਗ ਰਾਮਕਲੀ, ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਹੇ ਮਨਾ ਜ਼ਮੀਰ ਦੀ ਆਵਾਜ਼ ਉੱਤੇ ਕੰਨ ਧਰ।
ਆਖ਼ਰ ਅਮਲਾਂ ਨਾਲ ਹੀ ਨਿਬੇੜੇ ਹੋਣੇ ਹਨ।
(ਰਾਗ ਰਾਮਕਲੀ, ਗੁਰੂ ਨਾਨਕ)

ਗੁਰੂ ਨਾਨਕ ਨੇ ਲੋਕਾਂ ਨੂੰ ਚੇਤੇ ਕਰਵਾਇਆ ਕਿ ਉਨ੍ਹਾਂ ਨੂੰ ਚੇਤਨਾ ਦੀ ਵਹੀ ਉੱਤੇ ਦਰਜ ਕਰਮਾਂ ਦਾ ਲੇਖਾ ਦੇਣਾ ਹੀ ਪੈਣਾ ਹੈ। ਕੁਦਰਤ ਦੇ ਨੇਮ ਮੁਤਾਬਕ ਝੂਠ ਦਾ ਖ਼ਾਤਮਾ ਅਤੇ ਸੱਚ ਦਾ ਬੋਲਬਾਲਾ ਤੈਅ ਹੈ।

ਭ੍ਰਿਸ਼ਟਾਚਾਰ ਨਿੱਜੀ ਮੁਫ਼ਾਦ ਲਈ ਅਮਾਨਤ ਵਿੱਚ ਕੀਤੀ ਖਿਆਨਤ ਹੈ। ਕਿਸੇ ਵੀ ਜਮਹੂਰੀ ਸਮਾਜ ਦਾ ਧੁਰਾ ਇਮਾਨਦਾਰੀ ਹੈ ਜਿਸ ਨਾਲ ਸਮਾਜਿਕ-ਆਰਥਿਕ ਤਵਾਜ਼ਨ ਅਤੇ ਇਤਫ਼ਾਕ ਕਾਇਮ ਰਹਿੰਦਾ ਹੈ। ਇਨਸਾਨੀ ਹਕੂਕ ਦੇ ਇਨਕਲਾਬ ਦਾ ਬੀਜ ਗੁਰੂ ਨਾਨਕ ਨੇ 'ਮੋਦੀਖ਼ਾਨੇ' ਵਿੱਚ ਆਪਣੇ ਅਮਲਾਂ ਰਾਹੀਂ ਬੀਜਿਆ।

**ਅਮਰਦੀਪ ਸਿੰਘ:** ਗੁਰਦੁਆਰਾ ਹੱਟ ਸਾਹਿਬ ਗੁਰੂ ਨਾਨਕ ਦੀਆਂ ਸਿੱਖਿਆਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਗਵਾਹੀ ਭਰਦਾ ਹੈ। ਇਮਾਨ ਨਾਲ ਕਮਾਉਣਾ, ਦਿਲ ਖੋਲ੍ਹ ਕੇ ਵਰਤਾਉਣਾ ਅਤੇ ਰੂਹਾਨੀ ਸੋਚ-ਵਿਚਾਰ ਕਰਨਾ।

ਮਲਸੀਹਾਂ ਪਿੰਡ ਦਾ ਮੋਹਤਬਰ ਭਾਗੀਰਥ ਗੁਣਵਾਨ ਬੰਦਾ ਸੀ। ਜਦੋਂ ਉਹ ਮੋਦੀਖ਼ਾਨੇ ਵਿੱਚ ਆਪਣੀ ਢਾਲ ਜਮ੍ਹਾਂ ਕਰਵਾਉਣ ਆਏ ਤਾਂ ਨਵੇਂ ਮੋਦੀ ਨੇ ਉਨ੍ਹਾਂ ਦਾ ਦਿਲ ਟੁੰਬਿਆ – ਗੁਰੂ ਨਾਨਕ ਆਪਣੇ ਕੰਮ ਵਿੱਚ ਨਿਪੁੰਨ ਸਨ ਅਤੇ ਰੂਹਾਨੀਅਤ ਬਾਰੇ ਗਿਆਨਵਾਨ ਸਨ। ਗੁਰੂ ਨਾਨਕ ਨਾਲ ਰੂਹਾਨੀ ਗੋਸ਼ਟਿ ਰਚਾਉਣ ਲਈ ਭਾਗੀਰਥ ਨੇ ਸੁਲਤਾਨਪੁਰ ਦਾ ਫੇਰਾ ਵਧਾ ਦਿੱਤਾ। ਭਾਗੀਰਥ ਵਰਗਿਆਂ ਨਾਲ ਗੁਰੂ ਨਾਨਕ ਦੇ ਪੈਰੋਕਾਰਾਂ ਦਾ ਵਾਧਾ ਸ਼ੁਰੂ ਹੋਇਆ। ਗੁਰੂ ਨਾਨਕ ਦੀ ਸ਼ੋਭਾ ਦਾ ਪਸਾਰਾ ਪੂਰੇ ਇਲਾਕੇ ਵਿੱਚ ਹੋਣ ਲੱਗਿਆ।

ਭਾਈ ਮਰਦਾਨਾ ਤਲਵੰਡੀ ਵਿੱਚ ਸਨ। ਗੁਰੂ ਨਾਨਕ ਦੇ ਇਨਕਲਾਬੀ ਤੇਜ਼ ਨਾਲ ਉਨ੍ਹਾਂ ਦਾ ਦਿਲ ਮੁਲਾਕਾਤ ਲਈ ਬਿਹਬਲ ਹੋਣ ਲੱਗਿਆ। ਸਬੱਬ ਇਹ ਬਣਿਆ ਕਿ ਮਹਿਤਾ ਕਾਲੂ ਨੇ ਭਾਈ ਮਰਦਾਨਾ ਨੂੰ ਗੁਰੂ ਨਾਨਕ ਦੀ ਖ਼ਬਰ ਲੈਣ ਲਈ ਸੁਲਤਾਨਪੁਰ ਭੇਜਿਆ।

ਸੁਲਤਾਨਪੁਰ ਵਿੱਚ ਭਾਈ ਮਰਦਾਨਾ ਨੇ ਗੁਰੂ ਨਾਨਕ ਦੇ ਘਰ ਕਿਆਮ ਕੀਤਾ। ਸਵਖ਼ਤੇ ਵੇਈਂ ਵਿੱਚ ਇਸ਼ਨਾਨ ਕਰ ਕੇ ਰੂਹਾਨੀ ਬਾਣੀ ਦਾ ਗਾਇਨ ਭਾਈ ਮਰਦਾਨਾ ਅਤੇ ਗੁਰੂ ਨਾਨਕ ਦਾ ਨੇਮ ਸੀ। ਇੱਕ ਦਿਨ ਭਾਈ ਮਰਦਾਨਾ ਨੇ ਆਪਣੀ ਧੀ ਦੇ ਵਿਆਹ ਵਿੱਚ ਆਉਂਦੀ ਮਾਇਆ ਦੀ ਤੰਗੀ ਦਾ ਜ਼ਿਕਰ ਕੀਤਾ। ਭਾਈ ਮਰਦਾਨੇ

ਦੀ ਮੁਸ਼ਕਲ ਸੁਣ ਕੇ ਗੁਰੂ ਨਾਨਕ ਨੇ ਭਾਗੀਰਥ ਨੂੰ ਮਦਦ ਕਰਨ ਦੀ ਬੇਨਤੀ ਕੀਤੀ। ਬੰਦੋਬਸਤ ਕਰਨ ਲਈ ਭਾਗੀਰਥ ਲਾਹੌਰ ਗਿਆ ਜਿੱਥੇ ਉਨ੍ਹਾਂ ਦੀ ਮੁਲਾਕਾਤ ਸ਼ਹਿਰ ਦੇ ਨਾਮੀ ਵਪਾਰੀ ਮਨਸੁੱਖ ਨਾਲ ਹੋਈ। ਗੁਰੂ ਨਾਨਕ ਦੇ ਇਨਕਲਾਬੀ ਖ਼ਿਆਲਾਂ ਬਾਰੇ ਸੁਣ ਕੇ ਮਨਸੁੱਖ ਵੀ ਭਾਗੀਰਥ ਨਾਲ ਸੁਲਤਾਨਪੁਰ ਦੇ ਰਾਹ ਪੈ ਗਿਆ। ਗੁਰੂ ਨਾਨਕ ਨੂੰ ਮਿਲ ਕੇ ਮਨਸੁੱਖ ਪ੍ਰਸੰਨ ਹੋ ਗਿਆ ਅਤੇ ਉਨ੍ਹਾਂ ਦੇ ਮੁੱਢਲੇ ਪੈਰੋਕਾਰਾਂ ਵਿੱਚ ਸ਼ਾਮਿਲ ਹੋ ਗਿਆ। ਵਿਆਹ ਦਾ ਸਾਜ਼ੋ-ਸਾਮਾਨ ਲੈ ਕੇ ਭਾਈ ਮਰਦਾਨਾ ਨੇ ਤਲਵੰਡੀ ਨੂੰ ਚਾਲੇ ਪਾ ਦਿੱਤੇ। ਆਪਣੀ ਧੀ ਦਾ ਵਿਆਹ ਸੰਪੂਰਨ ਕਰਨ ਤੋਂ ਬਾਅਦ ਉਹ ਗੁਰੂ ਨਾਨਕ ਦਾ ਸੰਗ ਨਿਭਾਉਣ ਸੁਲਤਾਨਪੁਰ ਪਰਤ ਆਏ।

ਅਸੀਂ ਹੁਣ ਵੇਈਂ ਦੇ ਕੰਢੇ ਬਣੇ ਗੁਰਦਵਾਰਾ ਬੇਰ ਸਾਹਿਬ ਜਾ ਰਹੇ ਹਾਂ। ਇਹ ਗੁਰਦਵਾਰਾ ਸੁਲਤਾਨਪੁਰ ਲੋਧੀ ਵਿੱਚ ਅਹਿਮ ਅਸਥਾਨ ਹੈ। ਇਸ ਅਸਥਾਨ ਦਾ ਪੁਰਸਕੂਨ ਕੁਦਰਤੀ ਨਜ਼ਾਰਾ ਅਨੋਖਾ ਸੀ। ਇਸੇ ਲਈ ਗੁਰੂ ਨਾਨਕ ਇੱਥੇ ਰੋਜ਼ਾਨਾ ਇਸ਼ਨਾਨ ਅਤੇ ਧਿਆਨ ਕਰਦੇ ਸਨ।

ਸਰੀਰਕ ਤੌਰ ਤੇ ਭਟਕਣ ਕੀਤੇ ਬਿਨਾਂ ਕੋਈ ਸੱਚ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ?

ਗੁਰ ਕਾ ਸਬਦੁ ਰਤੰਨੁ ਹੈ ਕਰਿ ਚਾਨਣੁ ਆਪਿ ਦਿਖਾਇਆ॥
(ਰਾਗ ਮਲਾਰ, ਗੁਰੂ ਨਾਨਕ)

ਰੂਹਾਨੀ ਗਿਆਨ ਉਹ ਹੀਰਾ ਹੈ ਜਿਸ ਰਾਹੀਂ ਮਨੁੱਖਾ ਹਸਤੀ ਰੌਸ਼ਨ ਹੁੰਦੀ ਹੈ।
(ਰਾਗ ਮਲਾਰ, ਗੁਰੂ ਨਾਨਕ)

ਮੈ ਸੋਚਦਾ ਹਾਂ ਕਿ ਮਜ਼ਹਬਾਂ ਦੇ ਘੇਰੇ ਵਿੱਚ ਪ੍ਰਚਾਰਕਾਂ ਦੀ ਘਾਟ ਨਹੀਂ ਹੁੰਦੀ, ਪਰ ਉਨ੍ਹਾਂ ਵਿੱਚੋਂ ਕਿੰਨਿਆਂ ਨੇ ਉਸ ਸੱਚ ਦਾ ਅਨੁਭਵ ਕੀਤਾ ਹੈ ਜਿਸ ਦਾ ਜ਼ਿਕਰ ਗੁਰੂ ਨਾਨਕ ਕਰਦੇ ਹਨ?

**ਅਮਰਦੀਪ ਸਿੰਘ:** ਗੁਰਦਵਾਰਾ ਬੇਰ ਸਾਹਿਬ ਗੁਰੂ ਨਾਨਕ ਦੇ ਵੇਈਂ ਕੰਢੇ ਗੁਜ਼ਾਰੇ ਸਮੇਂ ਦੀ ਨੁਮਾਇੰਦਗੀ ਕਰਦਾ ਹੈ, ਇੱਥੇ ਉਨ੍ਹਾਂ ਨੇ ਧਿਆਨ ਕੀਤਾ ਅਤੇ ਅੱਲਾ ਦਿੱਤਾ ਨਾਮ ਦੇ ਮੁਸਲਮਾਨ ਫ਼ਕੀਰ ਨਾਲ ਗੋਸ਼ਿਟ ਰਚਾਇਆ।

ਅਜ਼ਲਾਂ ਤੋਂ ਸੰਤ-ਮਹਾਤਮਾ ਕਹਿੰਦੇ ਆਏ ਹਨ ਕਿ ਨਿਰੰਕਾਰ ਦਾ ਕਾਇਨਾਤ ਦੇ ਕਣ-ਕਣ ਵਿੱਚ ਵਾਸ ਹੈ। ਕੀ ਤੀਰਥ ਅਸਥਾਨ ਜਗਿਆਸੂ ਮਨ ਨੂੰ ਸਕੂਨ ਪਹੁੰਚਾਉਂਦੇ ਹਨ?

ਪੂਜਿ ਸਿਲਾ ਤੀਰਥ ਬਨ ਵਾਸਾ॥
ਭਰਮਤ ਡੋਲਤ ਭਏ ਉਦਾਸਾ॥
ਮਨਿ ਮੈਲੈ ਸੂਚਾ ਕਿਉ ਹੋਇ॥
ਸਾਚਿ ਮਿਲੈ ਪਾਵੈ ਪਤਿ ਸੋਇ॥
(ਰਾਗ ਧਨਾਸਰੀ, ਗੁਰੂ ਨਾਨਕ)

ਮਨੁੱਖ ਪੱਥਰ ਪੂਜਦਾ ਹੈ, ਜ਼ਿਆਰਤ ਕਰਦਾ ਹੈ ਅਤੇ ਜੰਗਲਾਂ ਵਿੱਚ ਵਸਦਾ ਹੈ।

ਭਟਕਣ ਅਤੇ ਆਵਾਗਮਨ ਦੇ ਚੱਕਰ ਵਿੱਚ ਤਿਆਗੀ ਹੋ ਜਾਂਦਾ ਹੈ।
ਮਲੀਨ ਮਨ ਕਿਵੇਂ ਪਾਕਿ ਹੋ ਸਕਦਾ ਹੈ?
ਸੱਚ ਦੀ ਪ੍ਰਾਪਤੀ ਮਨੁੱਖ ਨੂੰ ਇਕਾਗਰ ਕਰਦੀ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

ਗੁਰੂ ਨਾਨਕ ਦਾ ਸੁਨੇਹਾ ਇਸ ਅਹਿਮੀਅਤ ਨੂੰ ਦ੍ਰਿੜਾਉਂਦਾ ਹੈ ਕਿ ਨੇਕ ਇਰਾਇਦਆਂ ਨਾਲ ਹੀ ਦਿਲਾਸਾ ਮਿਲਦਾ ਹੈ। ਮੈਂ ਹੈਰਾਨ ਹਾਂ ਕਿ ਅਸੀਂ ਹਾਲੇ ਵੀ ਕਰਮ-ਕਾਂਡ ਦੀ ਹਮਾਇਤ ਕਰਦੇ ਹਾਂ ਅਤੇ ਗੁਰੂ ਨਾਨਕ ਵਾਲੇ ਵਿਵੇਕ ਦਾ ਮੂਲ ਤੱਤ ਸਮਝਣ ਦੇ ਸਮਰੱਥ ਨਹੀਂ ਹੋਏ।

ਇਕੱਲਤਾ ਵਿੱਚ ਸੋਚ-ਵਿਚਾਰ ਕਰਨ ਲਈ ਗੁਰੂ ਨਾਨਕ ਵੇਈਂ ਦੇ ਦੂਜੇ ਕੰਢੇ ਉੱਤੇ ਕਬਰਸਤਾਨ ਵਿੱਚ ਜਾਂਦੇ ਸਨ।

ਗੁਰੂ ਨਾਨਕ ਦੇ ਸਹੁਰਾ ਸਾਹਿਬ ਮੂਲਾ ਖੱਤਰੀ ਆਪਣੇ ਨਾਲ ਸਾਮਾ ਪੰਡਿਤ ਨੂੰ ਲੈ ਕੇ ਕਬਰਸਤਾਨ ਗਏ ਤਾਂ ਜੋ ਉਨ੍ਹਾਂ ਦੀ ਇਕੱਲਤਾ ਦੀ ਥਾਹ ਪਾਈ ਜਾ ਸਕੇ। ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਦੇ ਬੇਲਾਗ ਮਨ ਦੀ ਥਾਹ ਨਾ ਪਈ ਤਾਂ ਮੂਲਾ ਖੱਤਰੀ ਨੇ ਉਨ੍ਹਾਂ ਨੂੰ ਬਦਰੂਹਾਂ ਦੀ ਜਕੜ ਵਿੱਚੋਂ ਕੱਢਣ ਲਈ ਫ਼ਕੀਰਾਂ ਤੱਕ ਪਹੁੰਚ ਕੀਤੀ।

ਗੁਰੂ ਨਾਨਕ ਨੇ ਇੱਕ ਦਿਨ ਵੇਈਂ ਵਿੱਚ ਇਸ਼ਨਾਨ ਲਈ ਚੁੱਭੀ ਲਗਾਈ ਅਤੇ ਵਾਪਸ ਨਹੀਂ ਆਏ। ਮੌਕੇ ਉੱਤੇ ਹਾਜ਼ਰ ਲੋਕਾਂ ਨੇ ਇਹ ਸੋਚ ਕੇ ਹਾਏ-ਤੌਅਬਾ ਮਚਾਈ ਕਿ ਗੁਰੂ ਨਾਨਕ ਡੁੱਬ ਗਏ ਹਨ। ਉਨ੍ਹਾਂ ਨੂੰ ਲੱਭਣ ਲਈ ਨਵਾਬ ਦੌਲਤ ਖ਼ਾਨ ਲੋਧੀ ਨੇ ਹਰ ਹੀਲਾ ਕੀਤਾ ਪਰ ਕੁਝ ਪੱਲੇ ਨਾ ਪਿਆ। ਇਕ ਵਿਚਾਰ ਇਹੋ ਹੈ ਕਿ ਦੂਜੇ ਪਾਸੇ ਘਣੇ ਜੰਗਲ ਵਿੱਚ ਇਕੱਲੇ ਧਿਆਨ ਕਰਨ ਲਈ ਗੁਰੂ ਨਾਨਕ ਨੇ ਵੇਈਂ ਪਾਰ ਕੀਤੀ ਹੋਵੇ। ਤਿੰਨ ਦਿਨ ਬਾਅਦ ਉਨ੍ਹਾਂ ਨੂੰ ਚੜ੍ਹਦੇ ਪਾਸੇ ਤਕਰੀਬਨ ਤਿੰਨ ਕਿਲੋਮੀਟਰ ਦੂਰ ਵੇਈਂ ਵਿੱਚੋਂ ਨਿਕਲਦੇ ਦੇਖਿਆ ਗਿਆ।

ਗੁਰਦਵਾਰਾ ਸੰਤ ਘਾਟ ਗੁਰੂ ਨਾਨਕ ਦੇ ਵੇਈਂ ਵਿੱਚੋਂ ਮੁੜ ਪ੍ਰਗਟ ਹੋਣ ਦੀ ਯਾਦ ਵਿੱਚ ਬਣਿਆ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਨੇ ਵੇਈਂ ਦੇ ਕੰਢੇ ਧਿਆਨ ਅਤੇ ਸੋਚ-ਵਿਚਾਰ ਕਰਨ ਤੋਂ ਬਾਅਦ ਵਹਿਦਤ ਦੇ ਫ਼ਲਸਫ਼ੀ ਬੋਲਾਂ ਦਾ ਉਚਾਰਨ ਕੀਤਾ।

ਆਪਣੇ ਇਸ ਰਹੱਸਮਈ ਤਜਰਬੇ ਨਾਲ ਗੁਰੂ ਨਾਨਕ ਨੂੰ ਵਜ਼ਾਹਤ ਦੀ ਬਖ਼ਸ਼ਿਸ਼ ਹੋਈ ਜਿਸ ਨੂੰ ਉਹ ਸਮੂਹ ਲੋਕਾਈ ਵਿੱਚ ਵਰਤਾਉਣਾ ਚਾਹੁੰਦੇ ਸਨ।

ਏਕੋ ਧਰਮੁ ਦ੍ਰਿੜੈ ਸਚੁ ਕੋਈ॥
(ਰਾਗ ਬਸੰਤ, ਗੁਰੂ ਨਾਨਕ)

ਸੱਚ ਹੀ ਇੱਕੋ-ਇੱਕ ਧਰਮ ਹੈ ਜੋ ਆਲਮੀ ਨੇਮ ਹੈ।
(ਰਾਗ ਬਸੰਤ, ਗੁਰੂ ਨਾਨਕ)

ਗੁਰੂ ਨਾਨਕ ਉੱਤੇ ਬਿਰਹਾ ਤਾਰੀ ਸੀ। ਹਾਜ਼ਰਾ-ਹਜ਼ੂਰ ਨਾਲ ਵਿਸਮਾਦੀ ਸਾਂਝ ਅਤੇ ਸੁਰਤ-ਸੰਭਾਲੇ ਰਾਹੀਂ ਉਨ੍ਹਾਂ ਨੂੰ ਸਮੁੱਚੀ ਕਾਇਨਾਤ ਵਿੱਚ ਚੰਗਿਆਈ ਹੀ ਨਜ਼ਰ ਆਉਂਦੀ ਸੀ।

ਗੁਰੂ ਨਾਨਕ ਨੇ ਦੁਨਿਆਵੀ ਮਾਇਆ ਨਾਲ ਬੰਧਨ ਤੋੜੇ ਤਾਂ ਲੋਕਾਂ ਨੂੰ ਲੱਗਿਆ ਕਿ ਉਨ੍ਹਾਂ ਦੀ ਸੁਧ-ਬੁਧ ਗੁਆਚ ਗਈ ਹੈ।

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ॥
(ਰਾਗ ਮਾਰੂ, ਗੁਰੂ ਨਾਨਕ)

ਕੋਈ ਭੂਤ ਆਖੇ ਤੇ ਕੋਈ ਬੇਤਾਲ।
ਕੋਈ ਮੈਨੂੰ ਵਿਚਾਰਾ ਆਦਮੀ ਜਾਣੇ।
ਹਾਜ਼ਰਾ-ਹਜ਼ੂਰ ਪਿੱਛੇ ਨਾਨਕ ਬਾਵਰਾ ਹੋ ਗਿਆ ਹੈ।
ਇਸ ਤੋਂ ਬਿਨਾਂ ਉਸ ਨੂੰ ਕੁਝ ਨਹੀਂ ਪਤਾ।
(ਰਾਗ ਮਾਰੂ, ਗੁਰੂ ਨਾਨਕ)

ਗੁਰੂ ਨਾਨਕ ਨੇ ਫਰਮਾਇਆ ਕਿ ਨੇਕੀ ਦਾ ਰਾਹ ਹੀ ਉੱਤਮ ਧਰਮ ਹੈ। ਉਨ੍ਹਾਂ ਨੇ ਨਿਡਰਤਾ ਨਾਲ ਐਲਾਨ ਕੀਤਾ ਕਿ 'ਸਭ ਮਨੁੱਖ ਬਰਾਬਰ ਹਨ'। ਰੂਹਾਨੀਅਤ ਦੇ ਰਾਹ ਉੱਤੇ ਕੱਟੜਪੁਣੇ ਅਤੇ ਕਿਸੇ ਮਜ਼ਹਬ, ਜਾਤ, ਰੰਗ ਜਾਂ ਲਿੰਗ ਦੀ ਸਰਦਾਰੀ ਦੀ ਗੁੰਜਾਇਸ਼ ਨਹੀਂ ਹੈ।

ਇਸ ਨਾਲ ਪ੍ਰਚਲਿਤ ਮਜ਼ਹਬੀ ਮਨੌਤਾਂ ਦੇ ਰਾਖਿਆਂ ਨੂੰ ਸੇਕ ਲੱਗਿਆ। ਉਨ੍ਹਾਂ ਦਾ ਗੁੱਸਾ ਸ਼ਿਕਾਇਤ ਵਜੋਂ ਨਵਾਬ ਦੌਲਤ ਖ਼ਾਨ ਲੋਧੀ ਕੋਲ ਦਰਜ ਹੋਇਆ। ਗੁਰੂ ਨਾਨਕ ਨੂੰ ਆਪਣੇ ਕਹੇ ਦੀ ਸਫ਼ਾਈ ਦੇਣ ਲਈ ਸੱਦਿਆ ਗਿਆ। ਗੁਰੂ ਨਾਨਕ ਤੋਂ ਸੁਆਲ ਪੁੱਛਣ ਲਈ ਸ਼ਿਕਾਇਤ ਦੀ ਪੈਰਵੀ ਕਰਨ ਵਾਲਾ ਕਾਜ਼ੀ ਵੀ ਮੌਕੇ ਉੱਤੇ ਹਾਜ਼ਿਰ ਸੀ। ਉਨ੍ਹਾਂ ਸੁਆਲ ਕੀਤਾ ਕਿ ਜੇ ਨੇਕੀ ਹੀ ਸਭ ਤੋਂ ਸਤਿਕਾਰਯੋਗ ਧਰਮ ਹੈ ਤਾਂ ਉਨ੍ਹਾਂ ਅਕੀਦਿਆਂ ਦੀ ਕੀ ਅਹਿਮੀਅਤ ਹੈ ਜਿਨ੍ਹਾਂ ਨੂੰ ਤੈਅ ਕਰਨ ਲਈ ਪੈਗ਼ੰਬਰਾਂ, ਪੀਰਾਂ, ਸੰਤਾਂ ਅਤੇ ਫ਼ਕੀਰਾਂ ਨੇ ਸਦੀਆਂ ਲਗਾਈਆਂ ਹਨ? ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਸੱਚਾ ਮਜ਼ਹਬੀ ਬੰਦਾ ਉਹ ਹੈ ਜੋ ਧਰਮ ਦੀ ਰੂਹ ਦਾ ਜਾਣੂੰ ਹੈ।

ਗੁਰੂ ਨਾਨਕ ਨੂੰ ਕਾਜ਼ੀ ਨੇ ਪੁੱਛਿਆ ਕਿ ਹਰ ਮਨੁੱਖ ਮਜ਼ਹਬ ਦਾ ਕੋਈ ਰਾਹ ਚੁਣਦਾ ਹੈ, ਹਿੰਦੂ ਜਾਂ ਮੁਸਲਮਾਨ, ਉਨ੍ਹਾਂ ਦਾ ਰਾਹ ਕਿਹੜਾ ਹੈ?

ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਉਹ ਆਲਮੀ ਭਾਈਚਾਰਾ ਚਾਹੁੰਦੇ ਹਨ ਅਤੇ ਉਸ ਰਾਹ ਦੇ ਪਾਂਧੀ ਹਨ ਜੋ ਨਿਰੰਕਾਰ ਨਾਲ ਜੋੜਦਾ ਹੈ। ਨਿੰਰਕਾਰ ਲਈ ਕੋਈ ਅਜਨਬੀ ਨਹੀਂ ਹੈ ਅਤੇ ਨਾ ਹੀ ਉਸ ਦਾ ਕੋਈ ਮਜ਼ਹਬ ਹੈ। ਇਸ ਜੁਆਬ ਤੋਂ ਬੇਕਰਾਰ ਹੋਏ ਕਾਜ਼ੀ ਨੇ ਕਿਹਾ ਕਿ ਜੇ ਉਨ੍ਹਾਂ ਦਾ ਰਾਹ ਇਲਾਹੀ ਹੈ ਤਾਂ ਨਮਾਜ਼ ਪੜ੍ਹਨ। ਗੁਰੂ ਨਾਨਕ ਨੇ ਹਾਮੀ ਭਰੀ ਅਤੇ ਉਨ੍ਹਾਂ ਨਾਲ ਮਸਜਿਦ ਚਲੇ ਗਏ।

ਅਸੀਂ ਹੁਣ ਗੁਰਦਵਾਰਾ ਅੰਤਰਯਾਮਤਾ ਸਾਹਿਬ ਜਾ ਰਹੇ ਹਾਂ। ਇਹ ਗੁਰਦਵਾਰਾ ਨਮਾਜ਼ ਵਾਲੀ ਸਾਖੀ ਦੀ ਯਾਦ ਵਿੱਚ ਹੀ ਬਣਿਆ ਹੋਇਆ ਹੈ।

ਜਦੋਂ ਕਾਜ਼ੀ ਨਮਾਜ਼ ਪੜ੍ਹ ਰਿਹਾ ਸੀ ਤਾਂ ਗੁਰੂ ਨਾਨਕ ਉਨ੍ਹਾਂ ਵੱਲ ਦੇਖ ਕੇ ਮੁਸਕਰਾ ਰਹੇ ਸਨ। ਗੁੱਸੇ ਵਿੱਚ ਆਏ ਕਾਜ਼ੀ ਨੇ ਉਨ੍ਹਾਂ ਦੀ ਮੁਸਕਰਾਹਟ ਦਾ ਕਾਰਨ ਪੁੱਛਿਆ। ਗੁਰੂ ਨਾਨਕ ਨੇ ਜੁਆਬ ਦਿੱਤਾ ਕਿ ਕਾਜ਼ੀ ਇਮਾਨਦਾਰੀ ਨਾਲ ਨਮਾਜ਼ ਨਹੀਂ ਪੜ੍ਹ ਰਹੇ ਸਨ। ਹਾਲਾਂਕਿ ਉਹ ਜਿਸਮਾਨੀ ਪੱਖੋਂ ਮਸਜਿਦ ਵਿੱਚ ਹਨ ਪਰ ਧਿਆਨ ਘਰ ਵਿੱਚ ਪੈਦਾ ਹੋਈ ਵਛੜੀ ਵਿੱਚ ਹੈ।

ਮਜ਼ਹਬੀ ਬਾਣੇ ਪਾਉਣਾ ਅਤੇ ਰਹੁ-ਰੀਤ ਨਿਭਾਉਣਾ ਸੁਖਾਲਾ ਹੈ ਪਰ ਅਸਲ ਇਮਤਿਹਾਨ ਤਾਂ ਰੂਹਾਨੀ ਰਹਿਬਰਾਂ ਦੇ ਦਰਸਾਏ ਰਾਹ ਉੱਤੇ ਚਲਣਾ ਹੈ। ਕਿਸੇ ਅਕੀਦੇ ਦਾ ਸੱਚਾ ਪੈਰੋਕਾਰ ਤਾਂ ਦਇਆਵਾਨ ਅਤੇ ਨਿਮਾਣਾ ਜੀਅ ਹੈ ਜੋ ਮੁਕੰਮਲ ਯਕੀਨ ਵਿੱਚ ਮਗ਼ਲੂਬ ਹੋ ਜਾਂਦਾ ਹੈ। ਇਸ ਤੋਂ ਬਿਨਾਂ ਤਾਂ ਰੋਜ਼ਾਨਾ ਇਬਾਦਤ, ਰਹੁ-ਰੀਤ ਅਤੇ ਬਾਣਾ ਮਹਿਜ਼ ਪਖੰਡ ਹਨ।

ਸਾਡੀ ਚਾਹਨਾ ਤਾਂ ਚੰਗਿਆਈ ਕਰਨਾ ਹੈ ਪਰ ਸਾਡੀ ਚਾਹ ਦਾ ਰਾਹ ਕੌਣ ਰੋਕਦਾ ਹੈ?

ਮਨੁ ਭੂਲਉ ਭਰਮਸਿ ਆਇ ਜਾਇ॥
ਅਤਿ ਲੁਬਧ ਲੁਭਾਨਉ ਬਿਖਮ ਮਾਇ॥
(ਰਾਗ ਬਸੰਤੁ, ਗੁਰੂ ਨਾਨਕ)

ਸਾਡਾ ਮਨ ਬੰਧਨ ਅਤੇ ਬੇਬੰਧਨੀ ਵਿਚਕਾਰ ਬੇਮੁਹਾਰ ਭਟਕਦਾ ਹੈ।
ਵਿਹੁਲੀਆਂ ਬਹਿਕਾਂ ਨਾਲ ਬੇਪਨਾਹ ਲੋਭ ਉਪਜਦਾ ਹੈ।
(ਰਾਗ ਬਸੰਤੁ, ਗੁਰੂ ਨਾਨਕ)

ਨਫ਼ਸੀ ਬਹਿਕਾਂ ਦੇ ਮੰਤਰ ਹੇਠ ਮਨ ਦਗ਼ੇਬਾਜ਼ ਹੋ ਜਾਂਦਾ ਹੈ। ਮਾਇਆ ਜਾਲ ਵਿੱਚ ਫਸਿਆ ਮਨੁੱਖ ਬੰਧਨ ਅਤੇ ਬੇਬੰਧਨੀ ਦੀ ਘੁੰਮਣਘੇਰੀ ਵਿੱਚ ਫਸ ਜਾਂਦਾ ਹੈ ਅਤੇ ਉਸ ਦੀ ਅਸਲ ਚਾਹਨਾ ਉੱਤੇ ਰੋਕ ਲੱਗ ਜਾਂਦੀ ਹੈ।

੧੯੪੭ ਦੀ ਵੰਡ ਤੋਂ ਬਾਅਦ ਆਬਾਦੀ ਦਾ ਮਜ਼ਹਬ ਮੁਤਾਬਕ ਤਬਾਦਲਾ ਹੋਇਆ। ਨਤੀਜੇ ਵਜੋਂ ਸੁਲਤਾਨਪੁਰ ਲੋਧੀ ਇਸ ਵੇਲੇ ਸਿੱਖ ਅਤੇ ਹਿੰਦੂ ਬਹੁਗਿਣਤੀ ਵਾਲਾ ਸ਼ਹਿਰ ਹੈ, ਜਿੱਥੇ ਗਿਣਤੀ ਦੇ ਮੁਸਲਮਾਨ ਆਬਾਦ ਹਨ। ਪੁਰਾਣੇ ਕਿਲ੍ਹੇ ਵਿੱਚ ਬਿਰਾਜਮਾਨ ਇਤਿਹਾਸਕ ਮਸਜਿਦ ਹਾਲੇ ਵੀ ਮਜ਼ਹਬੀ ਇਤਫ਼ਾਕ ਦੀ ਖ਼ੂਬਸੂਰਤ ਮਿਸਾਲ

ਪੇਸ਼ ਕਰਦੀ ਹੈ। ਇਸੇ ਇਮਾਰਤ ਵਿੱਚ ਸ਼ਹਿਰ ਦੇ ਮੁਸਲਮਾਨਾਂ ਨੇ ਗੁਰੂ ਨਾਨਕ ਦੇ ਸ਼ਬਦ ਵਾਲੇ ਗ੍ਰੰਥ ਸੰਭਾਲ ਰੱਖੇ ਹਨ ਜਿਨ੍ਹਾਂ ਵਿੱਚ ਨਿਰੰਕਾਰ ਦੇ ਸੁਨੇਹੇ ਦੀਆਂ ਯਾਦਾਂ ਸਮਾਈਆਂ ਹਨ।

ਆਖ਼ਰ, ਗੁਰੂ ਨਾਨਕ ਨੇ ਮਜ਼ਹਬੀ, ਸਮਾਜਿਕ ਅਤੇ ਤਹਿਜ਼ੀਬੀ ਜੋੜ ਮੇਲਿਆਂ ਵਾਲੇ ਅਸਥਾਨ ਦੇ ਪੈਂਡੇ ਤੈਅ ਕਰਨ ਦਾ ਫ਼ੈਸਲਾ ਕਰ ਲਿਆ।

ਉਨ੍ਹਾਂ ਨੇ ਰੂਹਾਨੀ ਜੁਸਤਜੂ ਵਿੱਚ ਸ਼ਾਮਿਲ ਹੋਣ ਲਈ ਭਾਈ ਮਰਦਾਨੇ ਨੂੰ ਬੇਨਤੀ ਕੀਤੀ। ਦੋਵਾਂ ਨੂੰ ਅਹਿਸਾਸ ਹੋਇਆ ਕਿ ਇਸ ਸਫ਼ਰ ਉੱਤੇ ਰਬਾਬ ਦਾ ਸੰਗ ਲਾਜ਼ਮੀ ਹੈ। ਇਹ ਤੰਤੀ ਸਾਜ਼ ਧੁਨ ਵਜਾਉਣ ਦੇ ਨਾਲ ਤਾਲ ਦੇਣ ਦਾ ਕੰਮ ਕਰਦਾ ਹੈ। ਰਬਾਬ ਰੂਹਾਨੀ ਮੁਸਾਫ਼ਰਾਂ ਦਾ ਸੰਗੀ ਹੋ ਗਿਆ। ਰੂਹਾਨੀ ਸੰਗੀਤ ਉੱਤੇ ਸਵਾਰ ਸ਼ਬਦ ਮਨ ਦੀਆਂ ਹੱਦਾਂ ਪਾਰ ਕਰ ਜਾਂਦੇ ਹਨ।

**ਅਮਰਦੀਪ ਸਿੰਘ:** ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਨਾਨਕ ਨੇ ਭਾਈ ਮਰਦਾਨਾ ਨੂੰ ਰਬਾਬ ਦੇ ਕਾਰੀਗਰ ਭਾਈ ਫਿਰੰਦਾ ਤੋਂ ਸਾਜ਼ ਖ਼ਰੀਦਣ ਦੀ ਗੁਜ਼ਾਰਿਸ਼ ਕੀਤੀ।

ਅਸੀਂ ਹੁਣ ਸੁਲਤਾਨਪੁਰ ਲੋਧੀ ਤੋਂ ਭਰੋਣਾ ਪਿੰਡ ਜਾ ਰਹੇ ਹਾਂ ਜਿੱਥੇ ਕਾਲੀ ਵੇਈਂ ਬਿਆਸ ਦਰਿਆ ਵਿੱਚ ਪੈਂਦੀ ਹੈ।

**ਅਮਰਦੀਪ ਸਿੰਘ:** ਇਹ ਗੁਰਦਵਾਰਾ ਭਾਈ ਫਿਰੰਦਾ ਦੀ ਯਾਦ ਵਿੱਚ ਬਣਿਆ ਹੈ ਜਿਨ੍ਹਾਂ ਨੇ ਭਾਈ ਮਰਦਾਨੇ ਨੂੰ ਸੌਗਾਤ ਵਜੋਂ ਰਬਾਬ ਦਿੱਤਾ ਸੀ।

ਭਾਈ ਮਰਦਾਨਾ ਨੇ ਰਬਾਬ ਪਸੰਦ ਕਰ ਲਿਆ। ਭਾਈ ਫਿਰੰਦਾ ਆਪਣੇ ਹੱਥੀਂ ਗੁਰੂ ਨਾਨਕ ਨੂੰ ਰਬਾਬ ਭੇਟ ਕਰਨ ਲਈ ਸੁਲਤਾਨਪੁਰ ਲੋਧੀ ਪਹੁੰਚੇ।

ਵਿਸਮਾਦ ਵਿੱਚ ਆਏ ਗੁਰੂ ਨਾਨਕ ਨੇ ਗਾਇਨ ਕੀਤਾ,

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
(ਰਾਗ ਮਾਝ, ਗੁਰੂ ਨਾਨਕ)

ਮੈਨੂੰ ਬੇਰੋਜ਼ਗਾਰ ਸ਼ਾਇਰ ਨੂੰ ਸੇਵਾ ਲੱਗੀ ਹੈ।
ਦਿਨ-ਰਾਤ ਉਸੇ ਦੀ ਮਹਿਮਾ ਗਾਇਨ ਮਈ।

ਸ਼ਾਇਰ ਨੂੰ ਸੱਚੇ ਪਾਤਸ਼ਾਹ ਨੇ ਬੁਲਾਇਆ ਹੈ
ਅਤੇ ਸੱਚੀ ਅਰਾਧਨਾ ਦਾ ਮਾਣ ਬਖ਼ਸ਼ਿਆ ਹੈ।
ਸੋਚ-ਵਿਚਾਰ ਦਾ ਅੰਮ੍ਰਿਤ ਹੀ ਮੇਰੀ ਖ਼ੁਰਾਕ ਹੈ।
ਰੂਹਾਨੀ ਪਾਂਧੀਆਂ ਨੂੰ ਚੈਨ ਅਤੇ ਸਕੂਨ ਨਸੀਬ ਹੁੰਦਾ ਹੈ।
(ਰਾਗ ਮਾਝ, ਗੁਰੂ ਨਾਨਕ)

ਗੁਰੂ ਨਾਨਕ ਨੇ ਹਲੀਮੀ ਨਾਲ ਸਮਝ ਲਿਆ ਕਿ ਉਹ ਅਗਲੇਰੀ ਮੁਹਿੰਮ ਲਈ ਤਿਆਰ ਸਨ। ਭਾਈ ਮਰਦਾਨਾ ਵੀ ਆਪਣੇ ਬਾਪ ਵਾਲੇ ਫ਼ਰਜ਼ ਨਿਭਾ ਕੇ ਗੁਰੂ ਨਾਨਕ ਦਾ ਸੰਗੀ ਬਣਨ ਲਈ ਤਿਆਰ ਸਨ।

ਭਾਈ ਗੁਰਦਾਸ ਨੇ ਦਰਜ ਕੀਤਾ ਹੈ:

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥
(ਭਾਈ ਗੁਰਦਾਸ)

ਇੱਕ ਅਕਾਲ ਰੂਪੀ ਬਾਬਾ (ਗੁਰੂ ਨਾਨਕ) ਅਤੇ ਦੂਜਾ ਰਬਾਬੀ ਮਰਦਾਨਾ।
(ਭਾਈ ਗੁਰਦਾਸ)

ਇਤਿਹਾਸਕ ਤੌਰ ਉੱਤੇ ਮੁਸਲਮਾਨ ਗਵੱਈਆਂ ਨੇ ਗੁਰਬਾਣੀ ਦਾ ਗਾਇਨ ਕੀਤਾ ਅਤੇ ਰਬਾਬੀ ਅਖਵਾਏ। ਉਨ੍ਹਾਂ ਨੇ ਸਦੀਆਂ ਤੱਕ ਗੁਰਦਵਾਰਿਆਂ ਵਿੱਚ ਰੂਹਾਨੀ ਸ਼ਬਦ ਗਾਏ।

੧੯੪੭ ਦੀ ਵੰਡ ਨੇ ਬਰਿ-ਸੰਗੀਰ ਨੂੰ ਦੋ ਖ਼ੁਦਮੁਖ਼ਤਿਆਰ ਮੁਲਕਾਂ, ਇੰਡੀਆ ਅਤੇ ਪਾਕਿਸਤਾਨ ਵਿੱਚ ਤਕਸੀਮ ਕੀਤਾ। ਮਜ਼ਹਬਾਂ ਮੁਤਾਬਕ ਹਿਜਰਤ ਹੋਈ। ਮੰਦੇਭਾਗੀਂ ਇਸ ਵਾਕਿਆ ਨੇ ਸਿਰਫ਼ ਇਲਾਕਾ ਹੀ ਨਹੀਂ ਵੰਡਿਆ ਸਗੋਂ ਇਸ ਨੇ ਸਾਂਝੇ ਤਹਿਜ਼ੀਬੀ ਪੱਖਾਂ ਉੱਤੇ ਮਾੜਾ ਅਸਰ ਪਾਇਆ ਜਿਨ੍ਹਾਂ ਵਿੱਚ ਰਬਾਬੀਆਂ ਦੀ ਪ੍ਰੰਪਰਾ ਵੀ ਸ਼ਾਮਿਲ ਸੀ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਇੰਡੀਆ-ਪਾਕਿਸਤਾਨ ਦੀ ਸਰਹੱਦ ਕੁਝ ਤਹਿ ਨਾਕਿਆਂ ਤੋਂ ਹੀ ਪਾਰ ਕੀਤੀ ਜਾ ਸਕਦੀ ਹੈ। ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਤੋਂ ਕੁਝ ਵਿੰਗ ਪਾ ਕੇ ਵਾਹਗਾ ਨਾਕੇ ਤੋਂ ਪਾਕਿਸਤਾਨ ਵਿੱਚ ਲਾਹੌਰ ਜਾ ਰਹੇ ਹਾਂ ਤਾਂ ਜੋ ਉਨ੍ਹਾਂ ਤੰਦਾਂ ਨਾਲ ਜੁੜਿਆ ਜਾ ਸਕੇ ਜੋ ਇਸ ਵਿਰਾਸਤ ਨੂੰ ਜਿਉਂਦਾ ਰੱਖ ਰਹੀਆਂ ਹਨ।

ਅਸੀਂ ਲਾਹੌਰ ਵਿੱਚ ਮੁਹੱਲਾ ਹੁਸੈਨ ਪੁਰਾ ਆਏ ਹਾਂ ਜਿੱਥੇ ਮੁਹੰਮਦ ਹੁਸੈਨ ਲਾਲ, ਨਈਮ ਤਾਹਿਰ ਲਾਲ ਅਤੇ ਸਰਫ਼ਰਾਜ਼ ਹੁਸੈਨ ਲਾਲ ਵਰਗੇ ਰਬਾਬੀਆਂ ਦਾ ਪਰਿਵਾਰ ਆਬਾਦ ਹੈ। ਇਨ੍ਹਾਂ ਦਾ ਦਾਅਵਾ ਹੈ ਕਿ ਇਹ ਭਾਈ ਮਰਦਾਨਾ ਦੀ ਕੁੱਲ ਵਿੱਚੋਂ ੧੮ਵੀਂ ਤੇ ੧੯ਵੀਂ ਪੀੜ੍ਹੀ ਹੈ।

ਜਾਹਰ ਪੀਰੁ ਜਗਤੁ ਗੁਰ ਬਾਬਾ॥

(ਭਾਈ ਗੁਰਦਾਸ)

ਬਾਬਾ (ਗੁਰੂ ਨਾਨਕ) ਰੂਹਾਨੀ ਰਹਿਬਰ ਵਜੋਂ ਦੁਨੀਆ ਵਿੱਚ ਜ਼ਾਹਿਰ ਹੋਇਆ।
(ਭਾਈ ਗੁਰਦਾਸ)

**ਨਈਮ ਤਾਹਿਰ:** ਆਓ-ਆਓ ਵੀਰ ਜੀ। ਸਤਿ ਸ੍ਰੀ ਅਕਾਲ, ਮਹਾਰਾਜ।

**ਅਮਰਦੀਪ ਸਿੰਘ:** ਸਲਾਮ ਜੀ ਸਲਾਮ। ਕੀ ਹਾਲ ਹੈ? ਠੀਕ ਹੋ ਜੀ?

**ਨਈਮ ਤਾਹਿਰ:** ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।

**ਅਮਰਦੀਪ ਸਿੰਘ:** ਬਹੁਤ ਚੰਗਾ ਲੱਗਿਆ ਮਿਲ ਕੇ। ਮੈਨੂੰ ਥੋੜ੍ਹਾ ਆਪਣੇ ਪਰਿਵਾਰ ਬਾਰੇ ਦੱਸੋ, ੧੯੪੭ ਤੋਂ ਪਹਿਲਾਂ ਕੀ ਮਾਹੌਲ ਸੀ? ਅੱਜ ਕੀ ਮਾਹੌਲ ਹੈ? ਇਸ ਬਾਰੇ ਥੋੜ੍ਹਾ ਦੱਸੋ?

**ਨਈਮ ਤਾਹਿਰ:** ਵੰਡ ਤੋ ਪਹਿਲਾਂ, ਭਾਈ ਮਰਦਾਨਾ ਜੀ ਦੀ ਅੰਸ਼-ਵੰਸ਼ 'ਚੋਂ, ਸ੍ਰੀ ਹਰਮੰਦਿਰ ਸਾਹਿਬ, ਗੋਲਡਨ ਟੈਂਪਲ ਵਿੱਚ, ਬਾਰਾਂ ਜੋੜੀਆਂ ਕੀਰਤਨ ਕਰਦੀਆਂ ਸਨ। ਮੁਕਤਲਿਫ਼ ਗੁਰਦਵਾਰਿਆਂ ਵਿੱਚ ਰਬਾਬੀ ਖ਼ਾਨਦਾਨ ਹਜ਼ੂਰੀ ਰਾਗੀ ਦੇ ਤੌਰ ਉੱਤੇ ਆਪਣੀਆਂ ਜ਼ਿੰਮੇਵਾਰੀਆਂ ਸਰਅੰਜ਼ਾਮ ਦਿੰਦਾ ਸੀ। ਗੋਇੰਦਵਾਲ ਸਾਹਿਬ ਭਾਈ ਲਾਲ ਜੀ ਦਾ ਜਨਮ ਹੋਇਆ। ਸਭ ਤੋਂ ਵੱਡੇ ਤਾਇਆ ਜੀ ਸੀਸ ਗੰਜ ਗੁਰਦਵਾਰੇ ਵਿੱਚ ਹਜ਼ੂਰੀ ਰਾਗੀ ਸਨ। ਸਾਡੇ ਦਾਦਾ ਜੀ ਅਤੇ ਨਾਨਾ ਜੀ, ਭਾਈ ਚਿਰਾਗ਼ ਦੀਨ ਗੋਇੰਦਵਾਲ ਸਾਹਿਬ ਵਿੱਚ ਹਜ਼ੂਰੀ ਰਾਗੀ ਸਨ। ਜਦੋ ਵੰਡ ਹੋਈ ਤਾਂ ਕੀਰਤਨ ਦਾ ਸਿਲਸਿਲਾ ਬਿਲਕੁਲ ਖ਼ਤਮ ਹੋ ਗਿਆ। ਆ ਕੇ ਦੁਸ਼ਵਾਰੀਆਂ ਤਾਂ ਪੈਦਾ ਹੋਈਆਂ ਪਰ ਆਸ਼ਿਕ ਅਲੀ ਭਾਈ ਲਾਲ ਜੀ ਵਾਹਿਦ ਸ਼ਖ਼ਸੀਅਤ ਸਨ, ਮੇਰੇ ਵਾਲਿਦ ਸਾਹਿਬ, ਜਿਨ੍ਹਾਂ ਨੇ ਕੱਵਾਲੀ ਸ਼ੁਰੂ ਕਰ ਦਿੱਤੀ। ੧੯ਵੀਂ ਪੀੜ੍ਹੀ ਆ ਗਈ ਹੈ। ਸਾਰੇ ਮਿਹਨਤ-ਮਜ਼ਦੂਰੀ ਕਰਦੇ ਹਾਂ। ਜਦੋਂ ਚਾਰ ਮੇਲੇ ਲਗਦੇ ਹਨ, ਜਦੋਂ ਸੰਗਤਾਂ ਆਉਂਦੀਆਂ ਹਨ ਤਾਂ ਅਸੀਂ ਕੀਰਤਨ ਕਰਦੇ ਹਾਂ। ਸਾਡੀ ਪੂਰੀ ਕੋਸ਼ਿਸ਼ ਹੈ ਕਿ ਇਸ ਨੂੰ ਛੱਡੀਏ ਨਾ। ਗੁਰੂ ਨਾਨਕ ਇਹਨੂੰ ਅੱਗੇ ਤੱਕ ਪਹੁੰਚਾਵੇ।

ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ॥
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ॥
ਜਾਹਰ ਪੀਰੁ ਜਗਤੁ ਗੁਰ ਬਾਬਾ॥
(ਭਾਈ ਗੁਰਦਾਸ)

ਹਿੰਦੂ ਬਨਾਰਸ ਵਿੱਚ ਗੰਗਾ ਦੀ ਅਕੀਦਤ ਕਰਦੇ ਹਨ। ਮੁਸਲਮਾਨ ਮੱਕੇ ਵਿੱਚ ਕਾਬੇ ਦੀ ਅਕੀਦਤ ਕਰਦੇ ਹਨ।
ਹੁਣ ਬਾਬੇ (ਗੁਰੂ ਨਾਨਕ) ਦਾ ਏਕੇ ਵਾਲਾ ਆਲਮੀ ਸੁਨੇਹਾ ਘਰ-ਘਰ ਵਿੱਚ ਗਾਇਆ ਜਾਂਦਾ ਹੈ। ਢੋਲ ਅਤੇ ਰਬਾਬ ਦੇ ਸੰਗ।
ਬਾਬਾ (ਗੁਰੂ ਨਾਨਕ) ਤਮਾਮ ਦੁਨੀਆ ਲਈ ਰੂਹਾਨੀ ਰਹਿਬਰ ਵਜੋਂ ਜ਼ਾਹਿਰ ਹੋਇਆ।

(ਭਾਈ ਗੁਰਦਾਸ)

ਇਸ ਮੁਲਾਕਾਤ ਵਿੱਚ ਰਬਾਬੀ ਰੀਤ ਸਾਂਭਣ ਵਾਲਿਆਂ ਦੀ ਆਲ-ਔਲਾਦ ਦੀ ਮੌਜੂਦਾ ਹਾਲਤ ਦੇਖ ਕੇ ਮੇਰਾ ਦਿਲ ਉਦਾਸ ਹੋਇਆ ਹੈ। ਇਨ੍ਹਾਂ ਦੇ ਪੁਰਖੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਵਿਰਾਸਤ ਨੂੰ ਸ਼ਾਨ ਨਾਲ ਪਾਲਦੇ ਆਏ ਸਨ।

ਲਾਹੌਰ ਵਿੱਚ ਗੁਰੂ ਨਾਨਕ ਦੀ ਜੋਤ ਜਗਾਈ ਰੱਖਣ ਵਾਲੀਆਂ ਸ਼ਖ਼ਸੀਅਤਾਂ ਹਨ। ਅਸੀਂ ਓਰੀਐਂਟਲ ਕਾਲਜ ਵਿੱਚ ਪੜ੍ਹਾਉਣ ਵਾਲੀ ਡਾ. ਅਸਮਾ ਕਾਦਰੀ ਨੂੰ ਮਿਲਣ ਆਏ ਹਾਂ।

**ਡਾ. ਅਸਮਾ ਕਾਦਰੀ:** ਆਓ ਜੀ।
**ਅਮਰਦੀਪ ਸਿੰਘ:** ਸਲਾਮ, ਅਸਮਾ ਜੀ।
**ਡਾ. ਅਸਮਾ ਕਾਦਰੀ:** ਸਤਿ ਸ੍ਰੀ ਅਕਾਲ ਜੀ। ਕੀ ਹਾਲ ਹੈ?
**ਅਮਰਦੀਪ ਸਿੰਘ:** ਸਲਾਮ ਤੇ ਸਤਿ ਸ੍ਰੀ ਅਕਾਲ ਜੀ। ਕਿਸ ਤਰ੍ਹਾਂ ਹੋ ਤੁਸੀਂ?
**ਡਾ. ਅਸਮਾ ਕਾਦਰੀ:** ਬਿਲਕੁਲ ਠੀਕ ।
**ਅਮਰਦੀਪ ਸਿੰਘ:** ਬਹੁਤ ਧੰਨਵਾਦ। ਤੁਸੀਂ ਸਮਾਂ ਕੱਢਿਆ।
**ਡਾ. ਅਸਮਾ ਕਾਦਰੀ:** ਕੋਈ ਨਹੀਂ। ਤੁਸੀਂ ਆਪ ਹੀ ਵੇਲਾ ਨਾਲ ਲਈ ਫਿਰਦੇ ਹੋ। ਇਹ ਕੰਮ ਸ਼ੁਰੂ ਕੀਤਾ ਹੋਇਆ ਹੈ, ਉਹ ਤਾਂ ਸਾਰਿਆਂ ਨੂੰ ਵੇਲਿਓਂ ਬਾਹਰ ਹੀ ਕਰਦੇ ਨੇ। ਤੁਹਾਡੇ ਆਉਣ ਤੋਂ ਪਹਿਲਾਂ ਹੀ ਇਹ ਨਵੀਂ ਕਿਤਾਬ ਆਈ ਸੀ, 'ਗਾਵਣ ਸੰਗ'। ਇਹ ਖੋਲ੍ਹੀ ਹੈ ਤਾਂ ਸਾਹਮਣੇ ਨਾਨਕ ਦਾ ਸ਼ਬਦ ਆ ਗਿਆ, ਨਾਲ ਹੀ ਤੁਸੀਂ ਆ ਗਏ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥
(ਗੁਰੂ ਨਾਨਕ)

ਜੇ ਤੁਸੀਂ ਪ੍ਰੇਮ ਦੀ ਖੇਡ ਖੇਡਣੀ ਚਾਹੁੰਦੇ ਹੋ
ਤਾਂ ਆਪਣਾ ਸਿਰ ਤਲੀ ਉੱਤੇ ਰੱਖ ਇਸ ਰਾਹ ਪੈਰ ਪਾਇਓ।
ਜੇ ਇਸ ਰਾਹ ਉੱਤੇ ਪੈਰ ਪਾਇਆ ਹੈ
ਤਾਂ ਹਉਮੈਂ ਦੇ ਤਿਆਗ ਕਰਨ ਵਿੱਚ ਝਿਜਕ ਨਾ ਕਰਨਾ।
(ਗੁਰੂ ਨਾਨਕ)

**ਅਮਰਦੀਪ ਸਿੰਘ:** ਅਸਮਾ ਜੀ, ਤੁਹਾਡਾ ਗੁਰੂ ਨਾਨਕ ਨਾਲ ਕੀ ਰਿਸ਼ਤਾ ਹੈ?

**ਡਾ. ਅਸਮਾ ਕਾਦਰੀ:** ਸਾਡੀ ਕਲਾਸੀਕਲ ਸ਼ਾਇਰੀ ਬਾਬਾ ਫ਼ਰੀਦ ਤੋਂ ਸ਼ੁਰੂ ਹੁੰਦੀ ਹੈ, ਸੁਲਤਾਨ ਬਾਹੂ, ਸੱਚਲ ਸਰਮਸਤ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਦਮੋਦਰ, ਮੀਆਂ ਮੁਹੰਮਦ ਬਖ਼ਸ਼, ਮੌਲਵੀ ਗ਼ੁਲਾਮ ਰਸੂਲ ਆਲਮ ਪੁਰੀ – ਇਹ ਸਾਰੇ ਦੇ ਸਾਰੇ ਸ਼ਾਇਰ ਅਸੀਂ ਨਜਮ ਸਾਹਿਬ ਦੇ ਨਾਲ ਸੰਗਤ ਵਿੱਚ ਪੜ੍ਹ ਰਹੇ ਹਾਂ, ਪਿਛਲੇ ਚਾਲੀ ਪੈਂਤਾਲੀ ਸਾਲ ਤੋਂ ਇਹ ਸਿਲਸਿਲਾ ਹਰ ਹਫ਼ਤੇ ਚਲ ਰਿਹਾ ਹੈ। ਉੱਥੇ ਹੀ ਗ੍ਰੰਥ ਸਾਹਿਬ ਨੂੰ ਪੜ੍ਹ ਕੇ ਸਾਡੇ ਅੰਦਰ ਸਮਝ ਬਣਨੀ ਸ਼ੁਰੂ ਹੋਈ ਹੈ। ਬਾਬਾ ਨਾਨਕ ਦੇ ਪਿੱਛੇ ਬਾਬਾ ਫ਼ਰੀਦ ਦੀ ਰੀਤ ਮੌਜੂਦ ਹੈ। ਨਾਨਕ ਦੇ ਨਾਲ ਸਾਡੇ ਸ਼ਾਇਰਾਂ ਦੀ ਕੀ ਜੁੜਤ ਸੀ, ਇਹ ਤੁਹਾਡੇ ਲਈ ਹੈਰਾਨੀ ਦੀ ਗੱਲ ਹੋਵੇਗੀ। ਸਾਡੇ ਸਿੰਧ ਦਾ ਇੱਕ ਸ਼ਾਇਰ ਸੀ, ਸੱਚਲ। ਉਸ ਕੋਲ ਇੱਕ ਨਵਾਂ ਸ਼ਾਇਰ, ਯੂਸਫ਼ ਆਇਆ। ਸੱਚਲ ਨੇ ਉਹਦੀ ਸ਼ਾਇਰੀ ਪੜ੍ਹੀ ਅਤੇ ਉਸ ਨੂੰ ਕਿਹਾ ਕਿ ਹੁਣ ਤੇਰਾ ਨਾਂ ਨਾਨਕ ਯੂਸਫ਼ ਹੈ। ਸਿੰਧ ਵਿੱਚ ਨਾਨਕ ਯੂਸਫ਼ ਨਾਮ ਦਾ ਇੱਕ ਸ਼ਾਇਰ ਹੈ। ਉਹ ਅਸੀਂ ਨਜਮ ਸਾਹਿਬ ਦੇ ਨਾਲ ਹੀ ਸੰਗਤ ਵਿੱਚ ਪੜ੍ਹਿਆ। ਜਿਹੜੀ ਨਜਮ ਹੁਸੈਨ ਸਈਅਦ ਦੀ ਸੰਗਤ ਹੈ, ਉਸ ਵਿੱਚ ਹੁਣ ਅਸੀਂ ਕੋਈ ਚੌਥੀ ਵਾਰੀ ਗ੍ਰੰਥ ਸਾਹਿਬ ਨੂੰ ਪੜ੍ਹਨਾ ਸ਼ੁਰੂ ਕੀਤਾ ਹੈ। ਸਾਡੇ ਕੋਲ ਅੱਜ ਵੀ, ਐਸ ਵੇਲੇ ਵੀ, ਇੱਥੇ ਲਾਹੌਰ ਦੇ ਅੰਦਰ, ਇਹ ਸਾਰਾ ਕੁਝ ਚੱਲ ਰਿਹਾ ਹੈ। ਨਾਨਕ ਜ਼ਿੰਦਾ ਹੈ। ਮੌਜੂਦ ਹੈ। ਜਿਹੜੇ ਉਸ ਨੇ ਬੀਜ ਕੇਰੇ, ਵੇਖੋ ਉਹ ਫੁੱਟਦੇ ਪਏ ਹਨ। ਹਰ ਬੀਜ ਦੇ ਅੰਦਰ ਦੋ ਹਿੱਸੇ ਹੁੰਦੇ ਹਨ ਪਰ ਉਨ੍ਹਾਂ ਵਿੱਚੋਂ ਬੂਟਾ ਇੱਕੋ ਹੀ ਨਿਕਲਦਾ। ਇਹੀ ਸ਼ਬਦ ਸੁਰਤ ਹੈ ਜਿਹੜੀ ਨਾਨਕ ਨੇ ਬੀਜਾਂ ਵਾਂਗ ਕੇਰ ਦਿੱਤੀ ਹੈ।

**ਅਮਰਦੀਪ ਸਿੰਘ:** ਸੱਤਰ ਸਾਲ ਵੰਡ ਤੋਂ ਬਾਅਦ ਕਾਫ਼ੀ ਕੁਝ ਵਿਰਸਾ ਸਾਡਾ ਅਲੋਪ ਹੋ ਗਿਆ ਹੈ, ਪਰ ਲਾਹੌਰ ਦੇ ਅੰਦਰ ਉਹ ਕੜੀਆਂ ਹਾਲੇ ਵੀ ਮੌਜੂਦ ਹਨ। ਦੇਖ ਕੇ ਇੰਨੀ ਖੁਸ਼ੀ ਹੁੰਦੀ ਹੈ। ਬਾਬਾ ਅੱਜ ਵੀ ਇੱਥੇ ਮੌਜੂਦ ਹੈ। ਉਨ੍ਹਾਂ ਨੂੰ ਤੁਸੀਂ ਸਾਂਭ ਕੇ ਰੱਖਿਆ ਹੋਇਆ ਹੈ।

ਰੂਹਾਨੀਅਤ ਦਾ ਘੇਰਾ ਜਥੇਬੰਦ ਅਕੀਦਿਆਂ ਦੇ ਨਿਜ਼ਾਮ ਤੋਂ ਜ਼ਿਆਦਾ ਖੁੱਲ੍ਹਾ ਹੈ ਇਸ ਦਾ ਸਹੀ ਵਿਖਿਆਨ ਤਾਂ ਵੰਨ-ਸਵੰਨੇ ਫ਼ਲਸਫ਼ਿਆਂ ਵਿੱਚ ਖੁੱਲ੍ਹ-ਦਿਲੀ ਨਾਲ ਕੀਤੀ ਨਿੱਜੀ ਪੜਤਾਲ ਹੈ।

ਸੋ ਕਿਉ ਵਿਸਰੈ ਮੇਰੀ ਮਾਇ॥
(ਰਾਗ ਆਸਾ, ਗੁਰੂ ਨਾਨਕ)

ਓ ਮੇਰੇ ਮਨਾ ਕਿਉਂ ਵਿਸਰਿਆ ਹੈਂ?
(ਰਾਗ ਆਸਾ, ਗੁਰੂ ਨਾਨਕ)

ਸਲੀਮਾ ਖ਼ਵਾਜ਼ਾ ਪੇਸ਼ੇ ਪੱਖੋਂ ਵਕੀਲ ਹੈ ਪਰ ਉਸ ਦੀ ਰੂਹ ਗੁਰੂ ਨਾਨਕ ਦੇ ਫ਼ਲਸਫ਼ੇ ਨਾਲ ਜੁੜੀ ਹੋਈ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਵਾਲੇ ਆਖ਼ਰੀ ਰਬਾਬੀਆਂ ਵਿੱਚ ਭਾਈ ਚਾਂਦ ਸਨ। ਭਾਈ ਚਾਂਦ ਦੇ ਸਪੁੱਤਰ ਭਾਈ ਗ਼ੁਲਾਮ ਮੁਹੰਮਦ ਚਾਂਦ ਤੋਂ ਕੀਰਤਨ ਸੁਣ ਕੇ ਸਲੀਮਾ ਖ਼ਵਾਜ਼ਾ ਦੀ ਗੁਰਬਾਣੀ ਨਾਲ ਸਾਂਝ ਬਣੀ।

ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥

(ਰਾਗ ਆਸਾ, ਗੁਰੂ ਨਾਨਕ)

ਮੈਂ ਸੋਚ-ਵਿਚਾਰ ਵਿੱਚ ਜਿਉਂਦਾ ਹਾਂ ਅਤੇ ਵਿਸਰ ਜਾਂਦੇ ਹੀ ਮਰ ਜਾਂਦਾ ਹਾਂ।
ਸੱਚੀ ਸੋਚ-ਵਿਚਾਰ ਔਖੀ ਹੈ।
(ਰਾਗ ਆਸਾ, ਗੁਰੂ ਨਾਨਕ)

**ਸਲੀਮਾ ਖ਼ਵਾਜ਼ਾ:** ਸ਼ੁਰੂਆਤ ਕੁਝ ਅਜਿਹੀ ਹੋਈ ਸੀ। ਭਾਈ ਚਾਂਦ ਨਾਲ ਮੇਰੀ ਮੁਲਾਕਾਤ ਹੋਈ। ਉਹ ਸਾਡੇ ਘਰ ਆਏ, ਅਤੇ ਉਨ੍ਹਾਂ ਨੇ ਸ਼ਬਦ ਗਾਇਨ ਕੀਤਾ। ਉਨ੍ਹਾਂ ਦੇ ਗਾਇਨ ਵਿੱਚ ਅਜੀਬ ਕਸ਼ਿਸ਼ ਸੀ ਜਿਸ ਨਾਲ ਮੈਨੂੰ ਅੰਦਾਜ਼ਾ ਹੋਇਆ ਕਿ ਬਾਬਾ ਨਾਨਕ ਦੇ ਕਲਾਮ ਦਾ ਘੇਰਾ ਵਸੀਹ ਹੈ। ਮੈਂ ੨੦੦੭ ਵਿੱਚ ਉਨ੍ਹਾਂ ਤੋਂ ਸਿੱਖਣਾ ਸ਼ੁਰੂ ਕੀਤਾ। ਭਾਈ ਚਾਂਦ ਉਸ ਰੀਤ ਦਾ ਮੁਜੱਸਮਾ ਸੀ ਅਤੇ ਉਨ੍ਹਾਂ ਨੇ ਆਪਣਿਆਂ ਪੁਰਖਿਆਂ ਤੋਂ ਸਿੱਖਿਆ ਸੀ। ਇਹ ਰੀਤ ਸੀਨਾ-ਬ-ਸੀਨਾ ਚਲਦੀ ਮੇਰੇ ਤੱਕ ਪਹੁੰਚੀ ਹੈ। ਮੈਂ ਵਡਭਾਗੀ ਹਾਂ।

ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥
(ਰਾਗ ਸੂਹੀ, ਗੁਰੂ ਨਾਨਕ)

ਗੱਲਾਂ ਨਾਲ ਜ਼ਿੰਦਗੀ ਦਾ ਰਾਹ ਨਹੀਂ ਮਿਲਦਾ।
ਜਿਹੜਾ ਸਭ ਜੀਆਂ ਨੂੰ ਇੱਕੋ ਮੰਨਦਾ ਹੈ ਸਿਰਫ਼ ਉਹ ਹੀ ਜ਼ਿੰਦਗੀ ਦਾ ਰਾਹ ਸਮਝ ਸਕਦਾ ਹੈ।
(ਰਾਗ ਸੂਹੀ, ਗੁਰੂ ਨਾਨਕ)

ਮੈਨੂੰ ਇੱਕ ਜਾਪਾਨੀ ਦਾਨਿਸ਼ਵਰ ਦਾ ਕਥਨ ਯਾਦ ਆਇਆ ਹੈ ਕਿ ਕਿਸੇ ਸਿਆਣੇ ਦਾ ਸ਼ਰਧਾਲੂ ਹੋਣ ਨਾਲ ਕੋਈ ਸਿਆਣਾ ਨਹੀਂ ਹੋ ਜਾਂਦਾ ਪਰ ਉਨ੍ਹਾਂ ਰਾਹਾਂ ਦਾ ਪਾਂਧੀ ਹੋ ਕੇ ਹੋ ਸਕਦਾ ਹੈ।

ਪਾਕਿਸਤਾਨ ਦੇ ਲਾਹੌਰ ਤੋਂ ਵਾਹਗਾ ਨਾਕੇ ਰਾਹੀਂ ਇੰਡੀਆ-ਪਾਕਿਸਤਾਨ ਦੀ ਸਰਹੱਦ ਪਾਰ ਕਰ ਕੇ ਅਸੀਂ ਸੁਲਤਾਨਪੁਰ ਲੋਧੀ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਸਫ਼ਰ ਅੱਗੇ ਤੋਰਾਂਗੇ। ਇਸ ਸਫ਼ਰ ਦੌਰਾਨ ਮੈਂ ਸੰਗਤ ਦੇ ਮਾਅਨਿਆਂ ਬਾਰੇ ਸੋਚ ਰਿਹਾ ਹਾਂ। ਦਰਅਸਲ ਇਹੋ ਹਕੀਕੀ ਅਮਲ ਹੈ ਜੋ ਲਾਹੌਰ ਦੇ ਕੁਝ ਲੋਕ ਮਜ਼ਹਬਾਂ ਦੀਆਂ ਹੱਦਾਂ ਤੋਂ ਪਾਰ ਜਾ ਕੇ ਲਗਾਤਾਰ ਨਿਭਾ ਰਹੇ ਹਨ।

ਸਾਹਿਬੁ ਮੇਰਾ ਏਕੋ ਹੈ॥
ਏਕੋ ਹੈ ਭਾਈ ਏਕੋ ਹੈ॥
(ਰਾਗੁ ਆਸਾ, ਗੁਰੂ ਨਾਨਕ)

ਮੇਰਾ ਸਾਹਿਬ ਇੱਕੋ ਹੈ।
ਭਾਈ! ਉਹ ਇੱਕੋ ਹੈ।
(ਰਾਗੁ ਆਸਾ, ਗੁਰੂ ਨਾਨਕ)

---

# ਚਰਚਾ ਲਈ ਕੁਝ ਨੁਕਤੇ

# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੨: ਸ਼ਫ਼ਾਫ਼ ਖ਼ਿਆਲ (ਨਿਰਮਲ ਸੋਚ)

ਐਪੀਸੋਡ ਵਿਚਲੇ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੇ ਜੀਵਨ ਅਤੇ ਰੂਹਾਨੀਅਤ ਦੀ ਮਹਤੱਤਾ ਬਾਰੇ ਅਮੀਰ ਇਤਿਹਾਸਿਕ ਅਤੇ ਦਾਰਸ਼ਨਿਕ ਸਮੱਗਰੀ ਦੀ ਪੜਚੋਲ ਕਰਨ ਲਈ ਮਾਰਗ ਦਰਸ਼ਕ ਹਨ। ਇਨ੍ਹਾਂ ਪ੍ਰਸ਼ਨਾਂ ਦਾ ਉਦੇਸ਼ ਉਨ੍ਹਾਂ ਦੇ ਜੀਵਨ ਨੂੰ ਤਰਾਸ਼ਣ ਵਾਲੇ ਇਤਿਹਾਸਕ ਸੰਦਰਭ ਅਤੇ ਸੁਲਤਾਨਪੁਰ ਲੋਧੀ ਵਿਚ ਉਨ੍ਹਾਂ ਦੇ ਅਨੁਭਵਾਂ ਤੋਂ ਉਪਜੀਆਂ ਦਾਰਸ਼ਨਿਕ ਅੰਤਰਦ੍ਰਿਸ਼ਟੀਆਂ ਨੂੰ ਗੰਭੀਰ ਰੂਪ ਵਿਚ ਸਮਝਣ ਲਈ ਪ੍ਰੇਰਿਤ ਕਰਨਾ ਹੈ।

## ਇਤਿਹਾਸਕ ਚਰਚਾ ਨੁਕਤੇ:

1. **ਗੁਰੂ ਨਾਨਕ ਦੇ ਮੁਢਲੇ ਵਰ੍ਹਿਆਂ ਵਿਚ ਸੁਲਤਾਨਪੁਰ ਲੋਧੀ ਦਾ ਕੀ ਮਹੱਤਵ ਸੀ?**
   ਇਸ ਐਪੀਸੋਡ ਤੋਂ ਪਤਾ ਲੱਗਦਾ ਹੈ ਕਿ ਸੁਲਤਾਨਪੁਰ ਲੋਧੀ ਨੇ ਗੁਰੂ ਨਾਨਕ ਦੀ ਜੋਬਨ ਅਵਸਥਾ ਵਿਚ ਅਹਿਮ ਭੂਮਿਕਾ ਨਿਭਾਈ। ਇੱਥੇ ਹੀ ਗਵਰਨਰ ਦੌਲਤ ਖ਼ਾਨ ਲੋਧੀ ਨੇ ਉਨ੍ਹਾਂ ਨੂੰ ਰਾਜ ਭੰਡਾਰ (ਮੋਦੀਖਾਨਾ) ਦਾ 'ਮੋਦੀ' (ਅਧਿਕਾਰੀ) ਨਿਯੁਕਤ ਕੀਤਾ। ਕਾਲੀ ਬੇਈਂ ਨਦੀ ਦੇ ਪੂਰਬੀ ਕੰਢੇ 'ਤੇ ਸਥਿਤ ਇਸ ਸ਼ਹਿਰ ਵਿਚ ਉਨ੍ਹਾਂ ਨੇ ਆਪਣੇ ਪਰਿਵਾਰਕ ਜੀਵਨ ਦੀ ਸ਼ੁਰੂਆਤ ਕੀਤੀ, ਦੋ ਪੁੱਤਰਾਂ (ਸ੍ਰੀ ਚੰਦ ਅਤੇ ਲਖਮੀ ਚੰਦ) ਦੇ ਪਿਤਾ ਬਣੇ, ਅਤੇ ਇਕ ਇਮਾਨਦਾਰ ਅਤੇ ਦਇਆਵਾਨ ਅਧਿਕਾਰੀ ਵਜੋਂ ਜਾਣੇ ਗਏ। ਵੱਖ-ਵੱਖ ਸੰਸਕ੍ਰਿਤਕ ਪਿਛੋਕੜ ਵਾਲੇ ਇਸ ਸ਼ਹਿਰੀ ਵਾਤਾਵਰਣ ਨੇ ਉਨ੍ਹਾਂ ਦੀ ਜੀਵਨ-ਦ੍ਰਿਸ਼ਟੀ ਨੂੰ ਕਿਵੇਂ ਆਕਾਰ ਦਿੱਤਾ ਹੋਵੇਗਾ?

2. **ਗੁਰੂ ਨਾਨਕ ਦੀ ਸਰਕਾਰੀ ਅਹੁਦੇ 'ਤੇ ਕੰਮ ਕਰਨ ਦੀ ਸ਼ੈਲੀ ਉਨ੍ਹਾਂ ਦੀ ਰੂਹਾਨੀ ਕੀਮਤਾਂ ਨੂੰ ਕਿਵੇਂ ਉਭਾਰਦੀ ਸੀ?**
   ਰਾਜ ਦੇ ਭੰਡਾਰ ਅਫ਼ਸਰ ਵਜੋਂ, ਗੁਰੂ ਨਾਨਕ ਨੇ ਇਕ ਭ੍ਰਿਸ਼ਟ ਪ੍ਰਣਾਲੀ ਵਿਚ ਵੀ ਆਪਣੀ ਇਮਾਨਦਾਰੀ ਬਣਾਈ ਰੱਖੀ। ਇਸ ਐਪੀਸੋਡ ਮੁਤਾਬਕ, ਗੁਰੂ ਨਾਨਕ ਸਚਾਈ ਅਤੇ ਨਿਸ਼ਠਾ ਦੇ ਪੈਰੋਕਾਰ ਸਨ ਅਤੇ ਪੂਰੀ ਸਮਰਪਿਤ ਭਾਵਨਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਸਨ। ਉਨ੍ਹਾਂ

ਨੇ ਲੋੜਵੰਦਾਂ ਨੂੰ ਆਪਣੇ ਹਿੱਸੇ ਦਾ ਅਨਾਜ ਵੰਡਿਆ। ਜਦ ਉਨ੍ਹਾਂ 'ਤੇ ਗਲਤ ਮਾਲੀ ਇੰਤਜ਼ਾਮ ਦਾ ਦੋਸ਼ ਲਾਇਆ ਗਿਆ, ਤਾਂ ਜਾਂਚ ਦੌਰਾਨ ਉਨ੍ਹਾਂ ਦੇ ਹਿਸਾਬ-ਕਿਤਾਬ ਨੂੰ ਬਿਲਕੁਲ ਠੀਕ ਪਾਇਆ ਗਿਆ ਅਤੇ ਅਨਾਜ ਦੀ ਮਾਤਰਾ ਵੀ ਜ਼ਿਆਦਾ ਮਿਲੀ। ਇਹ ਵਿਵਹਾਰਕ ਨੈਤਿਕਤਾ ਉਨ੍ਹਾਂ ਦੇ ਇਨਕਲਾਬੀ ਪੈਗ਼ਾਮ ਦੀ ਬੁਨਿਆਦ ਨੂੰ ਕਿਵੇਂ ਦਰਸਾਉਂਦੀ ਹੈ?

3. **ਗੁਰੂ ਨਾਨਕ ਦਾ ਕਾਲੀ ਬੇਈਂ ਨਦੀ ਵਿਚ ਤਿੰਨ ਦਿਨਾਂ ਲਈ ਅਲੋਪ ਹੋ ਜਾਣ ਦਾ ਕੀ ਮਹੱਤਵ ਹੈ?**
   ਇਸ ਭਾਗ ਵਿਚ ਉਨ੍ਹਾਂ ਦੇ ਇੱਕ ਮਹੱਤਵਪੂਰਨ ਰਹੱਸਮਈ ਅਨੁਭਵ ਦਾ ਵਰਣਨ ਹੈ: ਇੱਕ ਸਵੇਰ, ਜਦ ਉਨ੍ਹਾਂ ਨੇ ਕਾਲੀ ਬੇਈਂ ਨਦੀ ਵਿਚ ਇਸ਼ਨਾਨ ਕੀਤਾ, ਤਾਂ ਉਹ ਤਿੰਨ ਦਿਨ ਤੱਕ ਬਾਹਰ ਨਾ ਆਏ। ਤਿੰਨ ਦਿਨ ਬਾਅਦ, ਉਹ ਨਦੀ ਤੋਂ ਲਗਭਗ ੩ ਕਿਲੋਮੀਟਰ ਦੂਰ ਪ੍ਰਗਟ ਹੋਏ। ਇਸ ਅਨੁਭਵ ਤੋਂ ਬਾਅਦ, ਉਨ੍ਹਾਂ ਨੂੰ ਇਕ ਦੈਵੀ ਗਿਆਨ ਪ੍ਰਾਪਤ ਹੋਇਆ, ਜੋ ਉਨ੍ਹਾਂ ਨੂੰ ਸਾਰਿਆਂ ਨਾਲ ਸਾਂਝਾ ਕਰਨ ਦਾ ਹੁਕਮ ਹੋਇਆ। ਇਹ ਰੁਪਾਂਤ੍ਰਿਤ ਕਰ ਦੇਣ ਵਾਲਾ ਅਨੁਭਵ ਉਨ੍ਹਾਂ ਦੇ ਜੀਵਨ ਦੀ ਗਹਿਰੀ ਸੂਝ ਨੂੰ ਕਿਵੇਂ ਉਜਾਗਰ ਕਰਦਾ ਹੈ?

4. **ਜਨ ਸਧਾਰਨ ਗੁਰੂ ਨਾਨਕ ਦੁਆਰਾ ਦਿਤੀ ਜੀਵਨ ਜਾਂਚ ਤੋਂ ਕਿਵੇਂ ਪ੍ਰਭਾਵਿਤ ਹੋਏ ਅਤੇ ਇਹ ਉਨ੍ਹਾਂ ਦੇ ਫਲਸਫ਼ੇ ਦੇ ਵਧਦੇ ਪ੍ਰਭਾਵ ਬਾਰੇ ਸਾਨੂੰ ਕੀ ਦਰਸਾਉਂਦਾ ਹੈ?**
   ਇਸ ਭਾਗ ਵਿੱਚ ਕੁਝ ਮੁਢਲੇ ਪੈਰੋਕਾਰਾਂ ਦਾ ਜ਼ਿਕਰ ਹੈ: ਮਲਸੀਹਾਂ ਪਿੰਡ ਦੇ ਮੁਖੀਆ ਭਗੀਰਥ, ਜੋ ਨਵੇਂ 'ਮੋਦੀ' ਤੋਂ ਬਹੁਤ ਪ੍ਰਭਾਵਿਤ ਹੋਏ; ਭਾਈ ਮਰਦਾਨਾ, ਜੋ ਤਲਵੰਡੀ ਤੋਂ ਗੁਰੂ ਨਾਨਕ ਨੂੰ ਮਿਲਣ ਆਏ; ਅਤੇ ਸ਼ਹਿਰ ਦੇ ਪ੍ਰਸਿੱਧ ਵਪਾਰੀ ਮਨਸੁਖ, ਜੋ ਗੁਰੂ ਨਾਨਕ ਦੇ ਇਨਕਲਾਬੀ ਵਿਚਾਰਾਂ ਅਤੇ ਕਾਰਜਾਂ ਨੂੰ ਸੁਣ ਕੇ ਉਨ੍ਹਾਂ ਦੇ ਅਨੁਯਾਈ ਬਣ ਗਏ। ਵੱਖ-ਵੱਖ ਪਿਛੋਕੜਾਂ ਵਾਲੇ ਇਨ੍ਹਾਂ ਅਨੁਯਾਈਆਂ ਉਪਰ ਪਏ ਗੁਰੂ ਨਾਨਕ ਦੇ ਪ੍ਰਭਾਵ ਤੋਂ ਕੀ ਸੰਕੇਤ ਮਿਲਦੇ ਹਨ?

5. **ਗੁਰੂ ਨਾਨਕ ਨੇ ਧਾਰਮਿਕ ਆਗੂਆਂ ਦੀਆਂ ਚੁਣੌਤੀਆਂ ਦਾ ਜ਼ਵਾਬ ਕਿਵੇਂ ਦਿੱਤਾ ?**
   ਜਦ ਕਾਜ਼ੀ ਨੇ ਉਨ੍ਹਾਂ ਦੀਆਂ ਗੱਲਾਂ 'ਤੇ ਇਤਰਾਜ਼ ਜਤਾਇਆ ਅਤੇ ਉਨ੍ਹਾਂ ਨੂੰ ਦੌਲਤ ਖ਼ਾਨ ਲੋਧੀ ਦੇ ਸਾਹਮਣੇ ਪੇਸ਼ ਕੀਤਾ, ਤਾਂ ਗੁਰੂ ਨਾਨਕ ਨੇ ਜਵਾਬ ਦਿੱਤਾ ਕਿ ਸਭ ਤੋਂ ਉਤਮ ਧਰਮ ਸਚਾਈ ਅਤੇ ਨੈਤਿਕਤਾ ਹੈ। ਜਦ ਉਨ੍ਹਾਂ ਨੂੰ ਨਮਾਜ਼ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ, ਤਾਂ ਉਨ੍ਹਾਂ ਨੇ

ਕਾਜ਼ੀ ਦੀ ਭਟਕਦੀ ਮਾਨਸਿਕਤਾ ਨੂੰ ਉਘਾੜਿਆ। ਇਹ ਘਟਨਾਵਾਂ ਧਾਰਮਿਕ ਪ੍ਰਥਾਵਾਂ ਨੂੰ ਚੁਣੌਤੀ ਦੇਣ ਵਿਚ ਗੁਰੂ ਨਾਨਕ ਦੀ ਵਿਲੱਖਣ ਸੋਚ ਨੂੰ ਕਿਵੇਂ ਦਰਸਾਉਂਦੀਆਂ ਹਨ?

6. **ਭਾਈ ਮਰਦਾਨਾ ਅਤੇ ਰਬਾਬੀ ਪਰੰਪਰਾ ਦੀ ਵਿਰਾਸਤ ਦਾ ਕੀ ਮਹੱਤਵ ਹੈ?**
ਇਸ ਐਪੀਸੋਡ ਵਿਚ ਭਾਈ ਮਰਦਾਨਾ ਦੇ ਪਿਛੋਕੜ ਦਾ ਵਰਣਨ ਹੈ, ਜੋ ਗੁਰੂ ਨਾਨਕ ਦੇ ਰੂਹਾਨੀ ਸਾਥੀ ਸਨ ਅਤੇ ਆਪਣੀ ਰਬਾਬ ਨਾਲ ਉਨ੍ਹਾਂ ਦੀ ਸੰਗਤ ਕਰਦੇ। ਉਨ੍ਹਾਂ ਦੇ ਵੰਸ਼ਜਾਂ ਨੇ ਮੁਸਲਿਮ ਕੀਰਤੀਨੀਆਂ ਦੀ ਪੀੜ੍ਹੀ ਕਾਇਮ ਕੀਤੀ ਜੋ 'ਰਬਾਬੀ' ਅਖਵਾਉਂਦੇ ਹਨ ਜੋ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਉਂਦੇ ਹਨ। ੧੯੪੭ ਦੀ ਵੰਡ ਨੇ ਇਸ ਪਰੰਪਰਾ ਨੂੰ ਭਾਰੀ ਸੱਟ ਮਾਰੀ, ਪਰ ਲਾਹੌਰ ਵਿਚ ਭਾਈ ਮਰਦਾਨਾ ਦੇ ਵੰਸ਼ਜ ਅੱਜ ਵੀ ਇਸ ਵਿਰਾਸਤ ਨੂੰ ਜੀਵੰਤ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸੰਗੀਤ ਪਰੰਪਰਾ ਗੁਰੂ ਨਾਨਕ ਦੇ ਸੰਦੇਸ਼ ਦੇ ਅੰਤਰਧਾਰਮਿਕ ਪੱਖ ਨੂੰ ਕਿਵੇਂ ਦਰਸਾਉਂਦੀ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. **ਗੁਰੂ ਨਾਨਕ ਦੀ ਸਮਾਨਤਾ ਦਾ ਐਲਾਨ ਸਮਾਜਿਕ ਰੁਤਬੇਦਾਰੀ ਨੂੰ ਕਿਵੇਂ ਚੁਣੌਤੀ ਦਿੰਦਾ ਹੈ?**
ਇਸ ਭਾਗ ਵਿਚ ਗੁਰੂ ਨਾਨਕ ਦਾ ਕਥਨ ਹੈ: ਨਾ ਕੋਈ ਉੱਚਾ ਹੈ, ਨਾ ਨੀਵਾਂ। ਉਨ੍ਹਾਂ ਨੇ ਇਹ ਐਲਾਨ ਕੀਤਾ ਕਿ ਸਭ ਇਕਸਾਰ ਹਨ। ਧਰਮ, ਜਾਤੀ, ਰੰਗ ਅਤੇ ਲਿੰਗ ਦੇ ਆਧਾਰ 'ਤੇ ਪਏ ਭੇਦਭਾਵ ਨੂੰ ਉਨ੍ਹਾਂ ਰੱਦ ਕਰ ਦਿੱਤਾ। ਸਮਾਜਿਕ ਰੁਤਬਿਆਂ ਦੇ ਅਧਾਰਿਤ ਵੰਡੇ ਹੋਏ ਸਮਾਜ ਵਿਚ ਇਹ ਵਿਚਾਰ ਕਿੰਨਾ ਕ੍ਰਾਂਤੀਕਾਰੀ ਸੀ?

੨. **ਗੁਰੂ ਨਾਨਕ ਇਮਾਨਦਾਰੀ ਅਤੇ ਰੂਹਾਨੀਅਤ ਵਿਚਕਾਰ ਕੀ ਰਿਸ਼ਤਾ ਜੋੜਦੇ ਹਨ?**
ਗੁਰੂ ਨਾਨਕ ਐਲਾਨ ਕਰਦੇ ਹਨ: ਜ਼ਮੀਰ ਦੀ ਅਵਾਜ਼ ਨੂੰ ਸੁਣੋ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਿਅਕਤੀ ਦੇ ਕਰਮਾਂ ਦਾ ਹਿਸਾਬ ਉਸ ਦਾ ਅੰਤਹਰਕਣ ਲੈਂਦਾ ਹੈ। ਇਹ ਸ਼ਬਦ ਨੈਤਿਕ ਆਚਰਣ ਨੂੰ ਆਤਮਿਕ ਜਾਗਰੂਕਤਾ ਨਾਲ ਕਿਵੇਂ ਜੋੜਦਾ ਹੈ?

੩. **ਗੁਰੂ ਨਾਨਕ ਧਾਰਮਿਕ ਰਸਮਾਂ ਤੋਂ ਉਪਰ ਸਚੇ ਧਰਮ ਨੂੰ ਕਿਵੇਂ ਪਰਿਭਾਸ਼ਿਤ ਕਰਦੇ ਹਨ?**

ਜਦੋਂ ਕਾਜ਼ੀ ਨੇ ਉਨ੍ਹਾਂ ਨੂੰ ਪ੍ਰਸ਼ਨ ਕੀਤਾ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਸਚਾਈ ਹੀ ਵਿਸ਼ਵਿਆਪੀ ਹੁਕਮ ਹੈ। ਉਨ੍ਹਾਂ ਨੇ ਕਿਹਾ ਕਿ ਉਹ ਉਸ ਮਾਰਗ ਦੇ ਰਾਹੀ ਹਨ ਜੋ ਦੈਵੀ ਚੇਤਨਾ ਵੱਲ ਲੈ ਜਾਂਦਾ ਹੈ, ਜੋ ਕਿਸੇ ਨੂੰ ਪਰਾਇਆ ਨਹੀਂ ਮੰਨਦਾ ਅਤੇ ਕਿਸੇ ਵਿਸ਼ੇਸ਼ ਧਰਮ ਤੱਕ ਸੀਮਿਤ ਨਹੀਂ ਹੁੰਦਾ। ਇਹ ਵਿਚਾਰ ਪਰੰਪਰਾਗਤ ਧਾਰਮਿਕ ਹੱਦਬੰਦੀਆਂ ਲਈ ਕੀ ਸੰਕੇਤ ਦਿੰਦਾ ਹੈ?

**੪. ਗੁਰੂ ਨਾਨਕ ਆਤਮਿਕ ਖੋਜ ਵਿੱਚ ਮਨ ਦੀਆਂ ਚੁਣੌਤੀਆਂ ਦਾ ਵਰਣਨ ਕਿਵੇਂ ਕਰਦੇ ਹਨ?**

ਗੁਰੂ ਨਾਨਕ ਸਵੀਕਾਰ ਕਰਦੇ ਹਨ ਕਿ ਮਨ ਮੋਹ ਅਤੇ ਨਿਰਲੇਪਤਾ ਦੇ ਦਵੰਦ ਵਿਚ ਭਟਕਦਾ ਰਹਿੰਦਾ ਹੈ। ਇਹ ਜ਼ਹਿਰ ਰੂਪੀ ਲਾਲਸਾਵਾਂ ਵੱਲ ਆਕਰਸ਼ਿਤ ਹੋ ਭਰਮਾਇਆ ਜਾਂਦਾ ਹੈ। ਮਨੁੱਖੀ ਮਨੋਵਿਗਿਆਨ ਦੀ ਇਹ ਸੂਝ ਸਾਡੀ ਆਤਮਿਕ ਦ੍ਰਿਸ਼ਟੀ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?

**੫. ਗੁਰੂ ਨਾਨਕ ਦੇ ਆਤਮਿਕ ਦ੍ਰਿਸ਼ਟੀਕੋਣ ਵਿਚ 'ਏਕਤਾ' ਦਾ ਕੀ ਮਹੱਤਵ ਹੈ?**

ਇਸ ਭਾਗ ਦਾ ਅੰਤ ਗੁਰੂ ਨਾਨਕ ਦੇ ਪਾਵਨ ਸਬਦ ਨਾਲ ਹੁੰਦਾ ਹੈ; ਜਿਸ ਦਾ ਭਾਵਰਥ ਹੈ: ਮੇਰਾ ਮਾਲਕ ਇਕ ਹੈ, ਉਹ ਕੇਵਲ ਇਕ ਹੈ। ਪੂਰੇ ਭਾਗ ਵਿਚ ਉਨ੍ਹਾਂ ਦੇ ਏਕਤਾ ਦਾ ਪੈਗਾਮ ਅਤੇ ਏਕਤਾ ਦੇ ਦਰਸ਼ਨ ਦੇ ਪ੍ਰਥਾਇ ਟਿਪਣੀਆਂ ਮਿਲਦੀਆਂ ਹਨ। ਏਕਤਾ ਦਾ ਇਹ ਸੁਨੇਹਾ ਰਬੀ ਏਕਤਾ ਤੋਂ ਬਾਹਰ ਸਮਾਜਿਕ ਅਤੇ ਆਤਮਿਕ ਏਕਤਾ ਤੱਕ ਕਿਵੇਂ ਪ੍ਰਫੁਲਿਤ ਹੁੰਦਾ ਹੈ?

**੬. ਗੁਰੂ ਨਾਨਕ ਦਾ ਆਤਮ-ਪ੍ਰਕਾਸ਼ ਸਿਧਾਂਤ ਉਨ੍ਹਾਂ ਦੇ ਸਚਾਈ ਦੇ ਦ੍ਰਿਸ਼ਟੀਕੋਣ ਨਾਲ ਕਿਵੇਂ ਸੰਬੰਧਿਤ ਹੈ?**

ਗੁਰੂ ਨਾਨਕ ਕਹਿੰਦੇ ਹਨ ਕਿ ਆਤਮਿਕ ਗਿਆਨ ਉਹ ਰਤਨ ਹੈ, ਜਿਸ ਨਾਲ ਆਤਮਾ ਪ੍ਰਕਾਸ਼ਿਤ ਹੁੰਦੀ ਹੈ। ਇਹ ਇਸ ਸਵਾਲ ਰਾਹੀਂ ਪ੍ਰਗਟ ਹੁੰਦਾ ਹੈ ਕਿ ਸਚ ਨੂੰ ਬਿਨ੍ਹਾਂ ਭਟਕਿਆਂ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ਇਹ ਗੁਰੂ ਨਾਨਕ ਦੀ ਰੂਹਾਨੀ ਸੂਝ ਦੇ ਅੰਦਰੂਨੀ ਬਨਾਮ ਬਾਹਰੀ ਸਾਧਨਾਂ ਪ੍ਰਤੀ ਅਪਣਾਏ ਦ੍ਰਿਸ਼ਟੀਕੋਣ ਨੂੰ ਕਿਵੇਂ ਦਰਸਾਉਂਦਾ ਹੈ?